Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
# ਖੇਤੀ ਦੁਨੀਆਂ
Rs.10/-
All Subject to Patiala Jurisdiction.
www.khetiduniyan.in
Editor : Jagpreet Singh • RNI/42269/83 • Issue Dated 02-03-2024 • Vol.42 No.09 • Ph. : 0175-2214575, 90410-14575 • Page : 16 | E-mail : khetiduniyan1983@gmail.com

# ਕੇਂਦਰ ਸਰਕਾਰ ਵੱਲੋਂ ਸਾਉਣੀ ਲਈ ਖਾਦ ਦੀਆਂ ਦਰਾਂ ਤੈਅ

## ਕਿਸਾਨਾਂ ਨੂੰ 1350 ਰੁਪਏ ਪ੍ਰਤੀ ਬੋਰੀ ਮਿਲੇਗੀ ਡੀ ਏ ਪੀ

ਕੇਂਦਰ ਸਰਕਾਰ ਨੇ ਆਉਂਦੇ ਸਾਉਣੀ ਦੇ ਸੀਜ਼ਨ ਲਈ ਰਸਾਇਣਕ ਖਾਦਾਂ (ਫਾਸਫੈਟਿਕ ਤੇ ਪੋਟਾਸ਼) 'ਤੇ 24,420 ਕਰੋੜ ਰੁਪਏ ਦੀ ਸਬਸਿਡੀ ਦੇਣ ਦਾ ਐਲਾਨ ਕੀਤਾ ਹੈ । ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਸਰਕਾਰ ਨੇ ਗੁਜਰਾਤ ਤੇ ਅਸਾਮ 'ਚ ਤਿੰਨ ਸੈਮੀ ਕੰਡਕਟਰ ਪਲਾਂਟ ਲਾਉਣ ਅਤੇ ਪੀ.ਐੱਮ ਸੂਰਯ ਘਰ : ਮੁਫਤ ਬਿਜਲੀ ਯੋਜਨਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ ।

ਸਰਕਾਰ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਪੌਸ਼ਕ ਤੱਤ ਡੀ ਏ ਪੀ 1350 ਰੁਪਏ ਪ੍ਰਤੀ ਥੈਲਾ (50 ਕਿਲੋ) ਦੇ ਭਾਅ 'ਤੇ ਮਿਲਦੀ ਰਹੇਗੀ। ਉਨ੍ਹਾਂ ਕਿਹਾ ਕਿ ਡੀ ਏ ਪੀ ਦੇ ਨਾਲ ਨਾਲ ਹੋਰ ਪ੍ਰਮੁੱਖ ਰਸਾਇਣਕ ਖਾਦਾਂ ਦੀਆਂ ਪ੍ਰਚੂਨ ਕੀਮਤਾਂ ਸਥਿਰ ਰਹਿਣਗੀਆਂ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ 'ਚ ਰਸਾਇਣਕ ਖਾਦਾਂ 'ਤੇ 1 ਅਪਰੈਲ ਤੋਂ 30 ਸਤੰਬਰ ਤੱਕ ਦੇ ਸਾਉਣੀ ਸੀਜ਼ਲ ਲਈ 'ਪੌਸ਼ਕ ਤੱਤ ਆਧਾਰਿਤ ਸਬਸਿਡੀ' (ਐੱਨ ਬੀ ਐੱਸ) ਦਰਾਂ ਤੈਅ ਕਰਨ ਲਈ ਖਾਦ ਵਿਭਾਗ ਦੀ ਤਜਵੀਜ਼ ਨੂੰ ਮਨਜ਼ੂਰੀ ਦਿੱਤੀ ਗਈ । ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਮੰਤਰੀ ਮੰਡਲ ਵੱਲੋਂ ਲਏ ਫੈਸਲਿਆਂ ਦੀ ਜਾਣਕਾਰੀ ਦਿੱਤੀ । ਉਨ੍ਹਾਂ ਨਾਲ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਟ ਵੀ ਹਾਜ਼ਰ ਸਨ । ਠਾਕੁਰ ਨੇ ਕਿਹਾ, 'ਇਸ ਸਬਸਿਡੀ ਨਾਲ 1350 ਰੁਪਏ ਬੋਰੀ (50 ਕਿਲੋ) 'ਤੇ ਵੇਚੀ ਜਾ ਰਹੀ ਡੀ ਏ ਪੀ ਆਉਂਦੇ ਸਾਉਣੀ ਸੀਜ਼ਨ 'ਚ ਵੀ ਉਸੇ ਭਾਅ 'ਤੇ ਮੁਹੱਈਆ ਹੋਵੇਗੀ ।'



ਉਨ੍ਹਾਂ ਕਿਹਾ, 'ਮਿਊਰੇਟ ਆਫ ਪੋਟਾਸ਼ (ਐੱਮ ਓ ਪੀ) 1670 ਰੁਪਏ ਪ੍ਰਤੀ ਬੋਰੀ ਅਤੇ ਐੱਨ ਪੀ ਕੇ 1470 ਰੁਪਏ ਪ੍ਰਤੀ ਬੋਰੀ ਮਿਲੇਗੀ ।' ਵੈਸ਼ਨਵ ਨੇ ਕਿਹਾ ਕਿ ਕੇਂਦਰ ਸਰਕਾਰ ਨੇ 1.26 ਲੱਖ ਕਰੋੜ ਰੁਪਏ ਦੇ ਅਨੁਮਾਨਿਤ ਨਿਵੇਸ਼ ਨਾਲ ਗੁਜਰਾਤ ਤੇ ਅਸਾਮ 'ਚ ਤਿੰਨ ਸੈਮੀ ਕੰਡਕਰਟਰ ਪਲਾਂਟ ਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਰੱਖਿਆ, ਆਟੋਮੋਬਾਈਲ ਤੇ ਦੂਰ ਸੰਚਾਰ ਜਿਹੇ ਖੇਤਰਾਂ ਲਈ ਚਿਪ ਬਣਾਉਣ ਵਾਲੀਆਂ ਇਨ੍ਹਾਂ ਇਕਾਈਆਂ ਦਾ ਨਿਰਮਾਣ ਕਾਰਜ ਅਗਲੇ 100 ਦਿਨਾਂ 'ਚ ਸ਼ੁਰੂ ਹੋ ਜਾਵੇਗਾ । ਇਸੇ ਦੌਰਾਨ ਸਰਕਾਰ ਨੇ ਪੀ ਐੱਮ-ਸੂਰਿਆ ਘਰ : ਮੁਫਤ ਬਿਜਲੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ । ਇਸ 'ਤੇ 75,021 ਕਰੋੜ ਰੁਪਏ ਖਰਚਾ ਆਵੇਗਾ ਅਤੇ ਇਸ ਯੋਜਨਾ ਤਹਿਤ ਘਰਾਂ ਦੀਆਂ ਛੱਤਾਂ 'ਤੇ ਸੋਲਰ ਯੂਨਿਟ ਲਾਉਣ ਲਈ 78 ਹਜ਼ਾਰ ਰੁਪਏ ਤੱਕ ਸਬਸਿਡੀ ਤੇ 300 ਯੂਨਿਟ ਮੁਫਤ ਬਿਜਲੀ ਦਿੱਤੀ ਜਾਵੇਗੀ । ਮੰਤਰੀ ਮੰਡਲ ਨੇ ਨਾਲ ਹੀ 12 ਅਹਿਮ ਤੇ ਰਣਨੀਤਕ ਖਣਿਜਾਂ 'ਤੇ ਰੌਇਲਟੀ ਦਰ ਤੈਅ ਕਰਨ ਲਈ ਐੱਮ ਐੱਮ ਡੀ ਆਰ ਐਕਟ 'ਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਕੈਬਨਿਟ ਦੇ ਇਨ੍ਹਾਂ ਫੈਸਲਿਆਂ ਨੂੰ ਆਗਾਮੀ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ।



## ਸਰਕਾਰ ਦਾ 3.2 ਕਰੋੜ ਟਨ ਕਣਕ ਖਰੀਦਣ ਦਾ ਟੀਚਾ

ਸਰਕਾਰ ਨੇ ਸਾਲ 2024-25 ਦੇ ਹਾੜ੍ਹੀ ਸੀਜ਼ਨ ਲਈ 3 ਤੋਂ 3.2 ਕਰੋੜ ਟਨ ਕਣਕ ਖਰੀਦਣ ਦਾ ਟੀਚਾ ਤੈਅ ਕੀਤਾ ਹੈ। ਸਰਕਾਰ ਦੇ ਕਣਕ ਖਰੀਦ ਦੇ ਟੀਚੇ ਨੂੰ ਕੁਝ ਘੱਟ ਮੰਨਿਆ ਜਾ ਰਿਹਾ ਹੈ। ਖੇਤੀ ਮੰਤਰਾਲੇ ਨੂੰ ਫਸਲੀ ਵਰ੍ਹੇ 2023-24 (ਜੁਲਾਈ-ਜੂਨ) ਵਿਚ 11.4 ਤੋਂ 11.5 ਕਰੋੜ ਟਨ ਦੀ ਰਿਕਾਰਡ ਕਣਕ ਪੈਦਾਵਾਰ ਦੀ ਉਮੀਦ ਹੈ। ਇਸ ਦੇ ਬਾਵਜੂਦ ਸਰਕਾਰ ਵੱਲੋਂ ਖਰੀਦ ਦਾ ਟੀਚਾ ਘੱਟ ਰੱਖਿਆ ਗਿਆ ਹੈ। ਬੀਤੇ ਦਿਨ ਕੌਮੀ ਰਾਜਧਾਨੀ 'ਚ ਕੇਂਦਰੀ ਖੁਰਾਕ ਸਕੱਤਰ ਸੰਜੀਵ ਚੋਪੜਾ ਦੀ ਪ੍ਰਧਾਨਗੀ ਹੇਠ ਰਾਜਾਂ ਦੇ ਖੁਰਾਕ ਸਕੱਤਰਾਂ ਦੀ ਮੀਟਿੰਗ ਹੋਈ ਸੀ। ਇਸੇ ਮੀਟਿੰਗ 'ਚ ਵਿਚਾਰ-ਚਰਚਾ ਤੋਂ ਬਾਅਦ ਕਣਕ ਦੀ ਖਰੀਦ ਦਾ ਟੀਚਾ ਤੈਅ ਕੀਤਾ ਗਿਆ ਸੀ। ਮੰਤਰਾਲੇ ਨੇ ਬਿਆਨ 'ਚ ਕਿਹਾ, ''ਵਿਚਾਰ ਚਰਚਾ ਤੋਂ ਬਾਅਦ ਆਉਂਦੇ ਹਾੜੀ ਦੇ ਸੀਜ਼ਨ ਦੌਰਾਨ ਤਿੰਨ ਤੋਂ 3.2 ਕਰੋੜ ਟਨ ਖਰੀਦਣ ਦਾ ਟੀਚਾ ਤੈਅ ਕੀਤਾ ਗਿਆ ਹੈ।' ਕਣਕ ਤੋਂ ਇਲਾਵਾ ਮੰਤਰਾਲੇ ਨੇ ਚੌਲਾਂ ਦੇ ਮਾਮਲੇ 'ਚ ਹਾੜ੍ਹੀ ਦੇ ਝੋਨੇ ਦੀ ਖਰੀਦ ਦਾ ਟੀਚਾ ਇਕ ਕਰੋੜ ਟਨ ਜਦਕਿ ਹਾੜ੍ਹੀ ਮੋਟੇ ਅਨਾਜ (ਬਾਜਰਾ) ਲਈ ਛੇ ਲੱਖ ਟਨ ਦੀ ਖਰੀਦ ਦਾ ਟੀਚਾ ਤੈਅ ਕੀਤਾ ਹੈ।





ਕਿਸਾਨ ਮੇਲੇ

| | | |
|---|---|---|
| 5 ਮਾਰਚ ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) | 7 ਮਾਰਚ ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) | 12 ਮਾਰਚ ਬਠਿੰਡਾ |
| 18 ਮਾਰਚ ਫਰੀਦਕੋਟ | 20 ਮਾਰਚ ਗੁਰਦਾਸਪੁਰ | 22 ਮਾਰਚ ਰੌਣੀ (ਪਟਿਆਲਾ) |

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 14 ਅਤੇ 15 ਮਾਰਚ ਨੂੰ
ਖੇਤੀ ਦੁਨੀਆਂ ਦੇ ਸਟਾਲ ਨੰ.229 'ਤੇ ਪਧਾਰੋ।

KSA BEW KSP
KS Group PUNJAB
www.ksagrotech.org
sales@ksagrotech.org
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ




KSA Straw Reaper
ਕ੍ਰਾਂਤੀ ਸਟਰਾ-ਰੀਪਰ ਬੁੱਕ ਕਰਵਾਓ
Contact No.
+91 92170-70555
+91 92170-71755
ਕੇ.ਐਸ. ਐਗਰੋਟੈਕ ਪ੍ਰਾ.ਲਿ.
ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ

# ਕੀ ਸੰਭਵ ਹੈ ਐੱਮ.ਐੱਸ.ਪੀ. 'ਤੇ ਕਾਨੂੰਨੀ ਗਾਰੰਟੀ



**ਦੇਸ਼ ਨੂੰ ਅੰਨ ਸੰਕਟ 'ਚੋਂ ਖੁਰਾਕ ਸੁਰੱਖਿਆ ਵੱਲ ਲੈ ਜਾਣ ਲਈ 1966-67 'ਚ ਐੱਮ. ਐੱਸ. ਪੀ ਦੀ ਅੱਧੀ-ਅਧੂਰੀ ਸ਼ੁਰੂਆਤ ਦੇ ਬਾਵਜੂਦ ਹਰੀ ਕ੍ਰਾਂਤੀ ਲਿਆਉਣ ਵਾਲੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਭਾਵੇਂ ਹੀ ਦੇਸ਼ ਨੂੰ ਅੰਨ ਸੰਕਟ 'ਚੋਂ ਕੱਢਿਆ ਪਰ ਖੇਤੀ-ਕਿਸਾਨੀ ਸੰਕਟ ਨਾਲ ਘਿਰਦੀ ਚਲੀ ਗਈ। ਇਸ ਲਈ ਅੱਜ ਕਿਸੇ ਕਿਸਾਨ ਦਾ ਬੇਟਾ ਕਿਸਾਨ ਨਹੀਂ ਬਣਨਾ ਚਾਹੁੰਦਾ।**

ਟ੍ਰੈਕਟਰ ਲੈ ਕੇ ਅੰਨਦਾਤਾ ਫਿਰ ਤੋਂ ਸੜਕਾਂ 'ਤੇ ਹੈ। ਉਨ੍ਹਾਂ ਦੇ ਵਿਰੋਧ ਪ੍ਰਦਰਸ਼ਨ ਦਾ ਮਕਸਦ ਖੇਤੀਬਾੜੀ ਸੈਕਟਰ 'ਚ ਵਧਦੀਆਂ ਚੁਣੌਤੀਆਂ ਤੇ ਘਟਦੇ ਲਾਭ ਤੋਂ ਉਭਰਨ ਲਈ ਸਰਕਾਰ ਦਾ ਧਿਆਨ ਇਕ ਸਥਾਈ ਹੱਲ ਵੱਲ ਖਿੱਚਣਾ ਹੈ। ਕਈ ਮੰਗਾਂ 'ਚੋਂ ਇਨ੍ਹਾਂ ਦੀ ਮੁੱਖ ਮੰਗ 23 ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਨੂੰ ਕਾਨੂੰਨੀ ਗਾਰੰਟੀ ਦੇਣ ਦੀ ਹੈ। ਕਿਸਾਨਾਂ ਦਾ ਤਰਕ ਹੈ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਸੀ. ਟੂ. ਭਾਵ ਕਾਸਟ ਟੂ ਪਲੱਸ 50 ਫੀਸਦੀ ਦੇ ਫਾਰਮੂਲੇ 'ਤੇ ਐੱਮ. ਐੱਸ. ਪੀ. ਤੈਅ ਹੋਵੇ, ਜਿਸ ਨਾਲ ਉਨ੍ਹਾਂ ਨੂੰ ਲਾਗਤ 'ਤੇ 50 ਫੀਸਦੀ



ਲਾਭ ਮਿਲੇ। 2006 'ਚ ਆਈ ਇਹ ਰਿਪੋਰਟ ਲਾਗੂ ਨਹੀਂ ਹੋਈ। ਸਭ ਸਰਕਾਰਾਂ ਹਰ ਸਾਲ ਹਾੜ੍ਹੀ ਅਤੇ ਸਾਉਣੀ ਦੇ ਸੀਜ਼ਨ ਦੀਆਂ ਫਸਲਾਂ ਲਈ ਐੱਮ. ਐੱਸ. ਪੀ ਦਾ ਐਲਾਨ ਕਰਦੀਆਂ ਹਨ ਪਰ ਮੰਡੀਆਂ 'ਚ ਇਹ ਨਹੀਂ ਮਿਲਦਾ, ਇਸ ਲਈ ਲੰਬੇ ਸਮੇਂ ਤੋਂ ਕਾਨੂੰਨੀ ਗਾਰੰਟੀ ਦੀ ਮੰਗ ਉੱਠ ਰਹੀ ਹੈ।

ਸਤੰਬਰ 2020 'ਚ ਕੇਂਦਰ ਸਰਕਾਰ ਤਿੰਨ ਵਿਵਾਦਮਈ ਕਾਨੂੰਨ ਲਿਆਈ, ਜਿਸ ਦੇ ਵਿਰੋਧ 'ਚ 13 ਮਹੀਨਿਆਂ ਤੱਕ ਦਿੱਲੀ ਦੀਆਂ ਹੱਦਾਂ 'ਤੇ ਚੱਲੇ ਕਿਸਾਨ ਅੰਦੋਲਨ ਪਿੱਛੋਂ ਨਵੰਬਰ 2021 'ਚ ਇਨ੍ਹਾਂ ਕਾਨੂੰਨਾਂ ਨੂੰ ਖਾਰਿਜ ਕੀਤਾ ਗਿਆ ਪਰ ਸਰਕਾਰ ਵਲੋਂ ਐੱਮ. ਐੱਸ. ਪੀ ਤੇ ਗਠਿਤ ਕਮੇਟੀ ਨੇ ਹੁਣ ਤੱਕ ਆਪਣੀ ਰਿਪੋਰਟ ਦਾਖਲ ਨਹੀਂ ਕੀਤੀ ਹੈ।

ਦੇਸ਼ ਨੂੰ ਅੰਨ ਸੰਕਟ 'ਚੋਂ ਖੁਰਾਕ ਸੁਰੱਖਿਆ ਵੱਲ ਲੈ ਜਾਣ ਲਈ 1966-67 'ਚ ਐੱਮ. ਐੱਸ. ਪੀ ਦੀ ਅੱਧੀ-ਅਧੂਰੀ ਸ਼ੁਰੂਆਤ ਦੇ ਬਾਵਜੂਦ ਹਰੀ ਕ੍ਰਾਂਤੀ ਲਿਆਉਣ ਵਾਲੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਭਾਵੇਂ ਹੀ ਦੇਸ਼ ਨੂੰ ਅੰਨ ਸੰਕਟ 'ਚੋਂ ਕੱਢਿਆ ਪਰ ਖੇਤੀ-ਕਿਸਾਨੀ ਸੰਕਟ ਨਾਲ ਘਿਰਦੀ ਚਲੀ ਗਈ। ਇਸ ਲਈ ਅੱਜ ਕਿਸੇ ਕਿਸਾਨ ਦਾ ਬੇਟਾ ਕਿਸਾਨ ਨਹੀਂ ਬਣਨਾ ਚਾਹੁੰਦਾ।

ਐੱਮ. ਐੱਸ. ਪੀ ਨੂੰ ਕਾਨੂੰਨੀ ਗਾਰੰਟੀ ਦੇਣ ਲਈ ਵੱਡੇ ਪੱਧਰ 'ਤੇ ਸਿਆਸੀ ਹਮਾਇਤ ਦੇ ਬਾਵਜੂਦ ਪਿਛਲੀਆਂ ਸਭ ਸਰਕਾਰਾਂ ਬੀਤੇ 58 ਸਾਲ 'ਚ ਵੀ ਇਸ ਮਸਲੇ ਦਾ ਹੱਲ ਨਹੀਂ ਲੱਭ ਸਕੀਆਂ, ਜਿਸ ਦੇ ਸਿੱਟੇ ਵਜੋਂ ਖੇਤੀਬਾੜੀ ਸੈਕਟਰ 'ਚ ਸੰਕਟ ਕਾਇਮ ਹੈ। ਸਿਆਸੀ ਇੱਛਾ ਸ਼ਕਤੀ ਮਜ਼ਬੂਤ ਹੋਵੇ ਤਾਂ ਦਹਾਕਿਆਂ ਪੁਰਾਣੀਆਂ ਸਮੱਸਿਆਵਾਂ ਦਾ ਹੱਲ ਵੀ ਸੰਭਵ ਹੈ। ਜੰਮੂ-ਕਸ਼ਮੀਰ 'ਚੋਂ ਧਾਰਾ 370 ਹਟਾਉਣ ਅਤੇ ਭਾਰਤੀ ਦੰਡ ਵਿਧਾਨ (ਆਈ. ਪੀ. ਸੀ. 1860 ਅਤੇ



**ਡਾ. ਅੰਮ੍ਰਿਤ ਸਾਗਰ ਮਿੱਤਲ,**
**ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ,**
**ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ,**
**ਪੰਜਾਬ ਇਕੋਨੋਮਿਕ ਪਾਲਿਸੀ।**

ਸੀ. ਆਰ. ਪੀ. ਸੀ. 1974) ਵਰਗੇ ਦਹਾਕਿਆਂ ਪੁਰਾਣੇ ਗੁੰਝਲਦਾਰ ਕਾਨੂੰਨੀ ਤੰਤਰ ਨੂੰ ਬਦਲਣ ਵਾਲੀ ਮੋਦੀ ਸਰਕਾਰ ਤੋਂ ਹੀ ਕਿਸਾਨਾਂ ਨੂੰ ਉਮੀਦ ਹੈ ਕਿ ਕਈ ਗਾਰੰਟੀਆਂ ਪੂਰੀਆਂ ਕਰ ਚੁੱਕੀ ਇਸ ਸਰਕਾਰ ਲਈ ਦਹਾਕਿਆਂ ਪੁਰਾਣੇ ਐਮ ਐਸ ਪੀ ਸਿਸਟਮ 'ਤੇ ਕਾਨੂੰਨੀ ਗਾਰੰਟੀ ਲਾਗੂ ਕਰਨੀ ਮੁਸ਼ਕਿਲ ਨਹੀਂ ਹੈ।

## ਕਾਨੂੰਨੀ ਗਾਰੰਟੀ ਦੀ ਮੰਗ ਕਿਉਂ

ਖੇਤੀਬਾੜੀ ਲਾਗਤ ਅਤੇ ਕੀਮਤ ਕਮਿਸ਼ਨ (ਸੀ. ਏ. ਪੀ. ਸੀ.) ਹਰ ਸਾਲ ਦੋ ਵਾਰ ਬਿਜਾਈ ਤੋਂ ਪਹਿਲਾਂ 23 ਫਸਲਾਂ ਦੇ ਐਮ ਐਸ ਪੀ ਦਾ ਐਲਾਨ ਕਰਦਾ ਹੈ, ਇਹ ਪੂਰੇ ਦੇਸ਼ 'ਚ ਲਾਗੂ ਨਹੀਂ ਹੁੰਦਾ। ਨੀਤੀ ਕਮਿਸ਼ਨ ਦੇ ਅੰਕੜਿਆਂ ਮੁਤਾਬਿਕ ਐਮ ਐਸ ਪੀ ਦਾ ਫਾਇਦਾ ਸਿਰਫ 6 ਫੀਸਦੀ ਲੋਕਾਂ ਨੂੰ ਮਿਲ ਰਿਹਾ ਹੈ ਅਤੇ ਦੇਸ਼ ਦੀ ਖੇਤੀਬਾੜੀ ਪੈਦਾਵਾਰ ਦਾ ਸਿਰਫ 11 ਫੀਸਦੀ ਐਮ ਐਸ ਪੀ 'ਤੇ ਖਰੀਦਿਆ ਜਾ ਰਿਹਾ ਹੈ। ਤਕਰੀਬਨ 90 ਫੀਸਦੀ ਫਸਲਾਂ ਐਮ ਐਸ ਪੀ ਤੋਂ 20-25 ਫੀਸਦੀ ਘੱਟ ਮੁੱਲ 'ਤੇ ਬਾਜ਼ਾਰ 'ਚ ਵਿਕਣ ਨਾਲ ਕਿਸਾਨਾਂ ਨੂੰ ਪ੍ਰਤੀ ਏਕੜ ਔਸਤ 20 ਹਜ਼ਾਰ ਰੁਪਏ ਦੀ ਦਰ ਨਾਲ ਸਾਲਾਨਾ 10 ਲੱਖ ਕਰੋੜ ਰੁਪਏ ਦੇ ਨੁਕਸਾਨ ਦਾ ਅੰਦਾਜ਼ਾ ਹੈ। ਇੰਡੀਅਨ ਕੌਂਸਲ ਫਾਰ ਰਿਸਰਚ ਆਨ ਇੰਟਰਨੈਸ਼ਨਲ ਇਕਨਾਮਿਕ ਰਿਲੇਸ਼ਨਜ਼ ਅਤੇ ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋਆਪ੍ਰੇਸ਼ਨ ਐਂਡ ਡਿਵੈੱਲਪਮੈਂਟ ਨੇ ਇਕ ਖੋਜ 'ਚ ਦੇਖਿਆ ਹੈ ਕਿ ਬੇਅਸਰ ਨੀਤੀਆਂ (ਪਾਲੀਸੀਜ਼) ਕਾਰਨ ਭਾਰਤੀ ਕਿਸਾਨਾਂ ਨੂੰ ਸਾਲ 2000 ਤੋਂ 2017 ਤੱਕ ਤਕਰੀਬਨ 45 ਲੱਖ ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ।

## ਭਰਮਾਊ ਖਦਸ਼ੇ

ਪਹਿਲਾ, ਐੱਮ. ਐੱਸ. ਪੀ. ਨੂੰ ਕਾਨੂੰਨੀ ਗਾਰੰਟੀ ਬਣਾਉਣ ਲਈ ਐਗਰੀਚਲਚਰ ਪ੍ਰੋਡਿਊਸ ਐਂਡ ਲਾਈਵਸਟਾਕ ਮਾਰਕੀਟ ਕਮੇਟੀ (ਏ.ਪੀ.ਐੱਮ.ਸੀ.) ਐਕਟ 'ਚ ਸੋਧ ਦੀ ਲੋੜ ਹੈ ਤਾਂ ਕਿ ਏ.ਪੀ.ਐੱਮ.ਸੀ. ਐਕਟ ਤਹਿਤ ਸੰਚਾਲਿਤ ਮੰਡੀਆਂ 'ਚ ਖੇਤੀਬਾੜੀ ਪੈਦਾਵਾਰ ਦੀ ਨਿਲਾਮੀ ਐਲਾਨੇ ਐੱਮ. ਐੱਸ. ਪੀ. ਤੋਂ ਘੱਟ ਮੁੱਲ 'ਤੇ ਕਰਨ ਦੀ ਆਗਿਆ ਨਾ ਹੋਵੇ 'ਤੇ ਏ. ਪੀ. ਐੱਮ. ਸੀ. ਮੰਡੀਆਂ ਤੋਂ ਫਸਲਾਂ ਦੀ ਖਰੀਦ ਦੇ ਬਾਈਕਾਟ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਹਾਲਾਂਕਿ ਅਜਿਹੇ ਆਸਾਰ ਬਹੁਤ ਘੱਟ ਹਨ ਕਿ ਫੂਡ ਪ੍ਰੋਸੈਸਿੰਗ ਨਾਲ ਜੁੜੇ ਉਦਯੋਗ ਖਰੀਦ ਦਾ ਬਾਈਕਾਟ ਕਰ ਕੇ ਆਪਣਾ ਕਾਰੋਬਾਰ ਬੰਦ ਕਰ ਦੇਣ।

ਦੂਜਾ, ਐੱਮ. ਐੱਸ. ਪੀ. 'ਤੇ ਖਰੀਦੀਆਂ ਗਈਆਂ ਫਸਲਾਂ ਨਾਲ ਕੇਂਦਰ ਸਰਕਾਰ 'ਤੇ ਸਾਲਾਨਾ 17 ਲੱਖ ਕਰੋੜ ਰੁਪਏ ਦਾ ਭਾਰ ਪੈਣ ਦਾ ਖਦਸ਼ਾ ਤਰਕਸੰਗਤ ਨਹੀਂ ਹੈ ਕਿਉਂਕਿ ਸਾਰੀਆਂ ਫਸਲਾਂ ਖਰੀਦਣ ਲਈ ਸਰਕਾਰ ਪਾਬੰਦ ਨਹੀਂ ਹੈ। ਸਰਕਾਰ ਨੂੰ ਤਾਂ ਮੰਡੀਆਂ 'ਚ ਫਸਲਾਂ ਐੱਮ. ਐੱਸ. ਪੀ. ਤੋਂ ਹੇਠਾਂ ਨਾ ਵਿਕਣ, ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣਾ ਪਵੇਗਾ। ਬਿਹਾਰ ਵਰਗੇ ਸੂਬੇ 'ਚ ਏ. ਪੀ. ਐੱਮ. ਸੀ. ਐਕਟ ਤਹਿਤ ਮੰਡੀਆਂ ਖਤਮ ਹੋਣ ਨਾਲ ਕਿਸਾਨ ਖੁੱਲ੍ਹੇ ਬਾਜ਼ਾਰ 'ਚ ਐੱਮ. ਐੱਸ. ਪੀ. ਤੋਂ 25-30 ਫੀਸਦੀ ਘੱਟ ਮੁੱਲ 'ਤੇ ਫਸਲਾਂ ਵੇਚਣ ਨੂੰ ਮਜ਼ਬੂਰ ਹਨ ਪਰ ਕਾਨੂੰਨੀ ਪਾਬੰਦੀ ਹੋਣ ਨਾਲ ਉਨ੍ਹਾਂ ਨੂੰ ਖੁੱਲ੍ਹੇ ਬਾਜ਼ਾਰ ਵਿਚ ਐੱਮ. ਐੱਸ. ਪੀ. ਮਿਲ ਸਕੇਗਾ।

ਤੀਜਾ, ਮੌਜੂਦਾ ਐੱਮ. ਐੱਸ. ਪੀ. ਨਾਲ ਕੀਤੀ ਜਾਣ ਵਾਲੀ ਥੋੜ੍ਹੀ ਜਿਹੀ ਸਰਕਾਰੀ ਖਰੀਦ ਨੂੰ ਵੀ ਕਿਸਾਨਾਂ ਲਈ ਸਬਸਿਡੀ ਦੱਸ ਕੇ ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਵੱਲੋਂ ਇਸ ਇਤਰਾਜ਼ ਦਾ ਭਰਮ ਫੈਲਾਇਆ ਜਾ ਰਿਹਾ ਹੈ। ਦਰਅਸਲ ਇਹ ਖਰੀਦ ਲਾਭ ਪ੍ਰਾਪਤ ਕਰਨ ਵਾਲੇ ਉਪਭੋਗਤਾਵਾਂ ਲਈ ਸਬਸਿਡੀ ਹੈ, ਨਾ ਕਿ ਕਿਸਾਨਾਂ ਲਈ। 2020 'ਚ ਕੋਰੋਨਾ ਸੰਕਟ ਵੇਲੇ 81.35 ਕਰੋੜ ਲਾਭਪਾਤਰੀਆਂ ਨੂੰ ਮੁਫਤ ਰਾਸ਼ਨ ਲਈ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਗਰੀਬ ਕਲਿਆਣਾ ਅੰਨ ਯੋਜਨਾ 1 ਜਨਵਰੀ, 2024 ਤੋਂ 31 ਦਸੰਬਰ, 2029 ਤੱਕ ਵਧਾ ਦਿੱਤੀ ਗਈ, ਜਿਸ 'ਤੇ 11.80 ਲੱਖ ਕਰੋੜ ਰੁਪਏ ਖਰਚ ਹੋਣਗੇ। ਇਸ ਯੋਜਨਾ ਲਈ ਸਾਲਾਨਾ 2.36 ਕਰੋੜ ਰੁਪਏ ਨਾਲ ਐੱਮ. ਐੱਸ. ਪੀ. 'ਤੇ ਕਿਸਾਨਾਂ ਕੋਲੋਂ ਖਰੀਦੇ ਗਏ ਅਨਾਜ ਦੇ ਅਸਲ ਲਾਭਪਾਤਰੀ ਗਰੀਬ ਉਪਭੋਗਤਾ ਹਨ, ਨਾ ਕਿ ਕਿਸਾਨ।

ਸਮੇਂ ਦੀ ਮੰਗ ਹੈ ਕਿ ਐੱਮ. ਐੱਸ. ਪੀ. ਦੇ ਕਾਨੂੰਨ ਨਾਲ ਜੁੜੀਆਂ ਸਭ ਗਲਤਫਹਿਮੀਆਂ ਨੂੰ ਦੂਰ ਕਰਦਿਆਂ ਇਸ ਦੀ ਕਾਨੂੰਨੀ ਗਾਰੰਟੀ ਦੀਆਂ ਖੂਬੀਆਂ 'ਤੇ ਗੰਭੀਰਤਾ ਨਾਲ ਗੌਰ ਕੀਤੀ ਜਾਵੇ। ਹਾਲਾਂਕਿ ਕੇਂਦਰ ਸਰਕਾਰ ਦੇ ਅੰਦੋਲਨਕਾਰੀ ਸਰਕਾਰਾਂ ਕਪਾਹ, ਮੱਕੀ, ਅਰਹਰ, ਮਾਂਹ ਅਤੇ ਮਸਰ ਦੀ ਐੱਮ. ਐੱਸ. ਪੀ. 'ਤੇ ਸਰਕਾਰੀ ਖਰੀਦ ਦਾ ਪ੍ਰਸਤਾਵ ਦਿੱਤਾ ਹੈ ਪਰ ਇਨ੍ਹਾਂ 'ਚ ਸ਼ਾਮਲ ਦਾਲਾਂ ਦੀਆਂ ਕੀਮਤਾਂ ਖੁੱਲ੍ਹੇ ਬਾਜ਼ਾਰ 'ਚ ਐੱਮ. ਐੱਸ. ਪੀ. ਤੋਂ ਵੱਧ ਹਨ।

## ਅਗਲਾ ਰਾਹ

ਪੌਣ-ਪਾਣੀ 'ਚ ਤੇਜ਼ੀ ਨਾਲ ਹੋ ਰਹੀ ਤਬਦੀਲੀ ਕਾਰਨ ਖੇਤੀਬਾੜੀ ਔਕੜਾ ਭਰੀ ਹੈ। ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਤੋਂ ਇਲਾਵਾ ਖੇਤੀ ਲਈ ਸਸਤੀ ਆਧੁਨਿਕ ਤਕਨੀਕ ਮੁਹੱਈਆ ਹੋਣ ਨਾਲ ਪੌਣ-ਪਾਣੀ ਤਬਦੀਲੀ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਕਿਸਾਨਾਂ ਨੂੰ ਮਦਦ ਮਿਲੇਗੀ। ਨੀਤੀ ਨਿਰਮਾਤਾ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਨਾਲ ਜੁੜੀਆਂ ਸਭ ਦੁਬਿਧਾਵਾਂ ਦੂਰ ਕਰ ਸਕਦੇ ਹਨ ਤਾਂ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਖੇਤੀ ਨਾਲ ਜੁੜੀਆਂ ਰਹਿ ਸਕਣ।



# ਕਿਸਾਨਾਂ ਦੀ ਖੁਸ਼ਹਾਲੀ ਉੱਤੇ ਹੀ ਦੇਸ਼ ਦੀ ਖੁਸ਼ਹਾਲੀ ਨਿਰਭਰ ਕਰਦੀ ਹੈ

ਅੰਨਦਾਤਾ ਅਖਵਾਉਣ ਵਾਲਾ ਕਿਸਾਨ ਆਪ ਹਮੇਸ਼ਾਂ ਦੁਖੀ ਹੀ ਰਹਿੰਦਾ ਹੈ। ਲੋਕਾਈ ਦਾ ਢਿੱਡ ਭਰਨ ਵਾਲੇ ਨੂੰ ਆਪ ਕਦੇ ਰੱਜਵੀਂ ਰੋਟੀ ਨਸੀਬ ਨਹੀਂ ਹੋਈ। ਖੁਸ਼ਹਾਲ ਜ਼ਿੰਦਗੀ ਤਾਂ ਉਸ ਨਾਲ ਇਕ ਸੁਪਰਾ ਹੀ ਰਿਹਾ ਹੈ। ਪਹਿਲਾਂ ਉਸ ਨੂੰ ਜਗੀਰਦਾਰ ਲੁੱਟਦੇ ਸਨ, ਮੁੜ ਉਹ ਸ਼ਾਹੂਕਾਰਾਂ ਦੇ ਪੰਜੇ ਵਿਚ ਫਸ ਗਿਆ। ਹੁਣ ਉਸ ਦੀ ਲੁੱਟ ਮੰਡੀ ਵਿਚ ਆੜ੍ਹਤੀਏ ਤੇ ਬੈਂਕਾਂ ਵਾਲੇ ਕਰਦੇ ਹਨ। ਕਿਸਾਨ ਦੀ ਇਸ ਹਾਲਤ ਦਾ ਮੁੱਖ ਕਾਰਨ ਉਸ ਨੂੰ ਆਪਣੀ ਉਪਜ ਦਾ ਪੂਰਾ ਅਤੇ ਸਹੀ ਮੁੱਲ ਦਾ ਨਾ ਮਿਲਣਾ ਹੈ। ਮੰਡੀ ਵਿਚ ਉਸ ਦੀ ਉਪਜ ਦੀ ਬੋਲੀ ਲਗਦੀ ਹੈ ਤੇ ਖਰੀਦਦਾਰ ਆਪਣੀ ਮਨਮਰਜੀ ਦੀ ਕੀਮਤ ਉੱਤੇ ਖਰੀਦ ਕਰਦਾ ਹੈ।

ਆਜ਼ਾਦੀ ਪਿੱਛੋਂ ਦੇਸ਼ ਵਿਚ ਅਨਾਜ ਦੀ ਥੁੜ ਆ ਗਈ। ਦੇਸ਼ ਦੀ ਸਰਕਾਰ ਲਈ ਵਸੋਂ ਦਾ ਢਿੱਡ ਭਰਨਾ ਔਖਾ ਹੋ ਗਿਆ। ਉਦੋਂ ਦੇ ਪ੍ਰਧਾਨ ਮੰਤਰੀ ਨੇ ਤਾਂ ਆਖਿਆ ਸੀ ਕਿ ਹੋਰ ਸਭ ਕੁਝ ਉਡੀਕ ਕਰ ਸਕਦਾ ਹੈ ਪਰ ਖੇਤੀ ਨਹੀਂ। ਦੇਸ਼ ਵਿਚੋਂ ਅਨਾਜ ਦੀ ਥੁੜ ਨੂੰ ਪੂਰਾ ਕਰਨ ਲਈ ਭਾਰਤ ਨੂੰ ਮੁੱਖ ਤੌਰ ਉੱਤੇ ਅਮਰੀਕਾ ਉੱਤੇ ਨਿਰਭਰ ਹੋਣਾ ਪਿਆ। ਦੇਸ਼ ਕੋਲ ਇਤਨੇ ਪੈਸੇ ਵੀ ਨਹੀਂ ਸਨ ਕਿ ਅਨਾਜ ਖਰੀਦਿਆ ਜਾ ਸਕੇ। ਅਮਰੀਕਾ ਨੇ ਭਾਰਤ ਨੂੰ ਆਪਣੀ ਇਕ ਸਕੀਮ ਪੀ ਐੱਲ 480 ਅਧੀਨ ਕਣਕ ਭੇਜਣੀ ਸ਼ੁਰੂ ਕੀਤੀ। ਇਸ ਦਾ ਭੁਗਤਾਨ ਡਾਲਰ ਵਿਚ ਨਹੀਂ ਸਗੋਂ ਰੁਪਿਆਂ ਵਿਚ ਹੋਣਾ ਸੀ। ਇਹ ਪੈਸਾ ਅਮਰੀਕਾ ਨੇ ਖਰਚ ਵੀ ਇੱਥੇ ਹੀ ਕਰਨਾ ਸੀ। ਹੋਰ ਸਹਾਇਤਾ ਯੋਜਵਾਨਾਂ ਦੇ ਨਾਲੋਂ ਨਾਲ ਅਮਰੀਕਾ ਨੇ ਆਪਣੇ ਕੁਝ ਮਾਹਿਰ ਭੇਜੇ ਤਾਂ ਜੋ ਭਾਰਤ ਵਿਚ ਅਨਾਜ ਦੀ ਪੈਦਾਵਾਰ ਵਿਚ ਵਾਧੇ ਲਈ ਕੋਈ ਯੋਜਨਾ ਉਲੀਕੀ ਜਾਵੇ। ਇਨ੍ਹਾਂ ਮਾਹਿਰਾਂ ਵਿਚ ਇਕ ਡਾ. ਫਰੈਂਕ ਪਾਰਕਰ ਵੀ ਸਨ। ਉਨ੍ਹਾਂ ਨੇ ਆਪਣੀ ਖੋਜ ਦੇ ਆਧਾਰ ਉੱਤੇ ਕਈ ਸਿਫਾਰਸ਼ਾਂ ਕੀਤੀਆਂ। ਜਿਨ੍ਹਾਂ ਵਿਚ ਇਕ ਮੁੱਖ ਸਿਫਾਰਸ਼ ਸੀ ਕਿ ਕਿਸਾਨ ਨੂੰ ਉਸ ਦੀ ਉਪਜ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਉਤਸ਼ਾਹਿਤ ਹੋ ਕੇ ਹੋਰ ਮਿਹਨਤ ਕਰੇ ਅਤੇ ਖੇਤੀ ਦੇ ਨਵੇਂ ਢੰਗ ਤਰੀਕੇ ਅਪਨਾਏ। ਉਨ੍ਹਾਂ ਆਪਣੀ ਰਿਪੋਰਟ ਉਦੋਂ ਤੱਕ ਕਿਸੇ ਵੀ ਦੇਸ਼ ਦਾ ਕਿਸਾਨ ਖੁਸ਼ਹਾਲ ਨਹੀਂ ਹੁੰਦਾ ਅਤੇ ਵਿਉਪਾਰੀ ਇਮਾਨਦਾਰ ਨਹੀਂ ਹੁੰਦਾ ਉਦੋਂ ਤਕ ਉਹ ਦੇਸ਼ ਕਦੇ ਵੀ ਵਿਕਸਤ ਦੇਸ਼ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦਾ। ਮਿਸਟਰ ਪਾਰਕਰ ਦੀ ਯਾਦ ਤਾਜ਼ਾ ਰੱਖਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਆਪਣੇ ਟੀਚਰਜ਼ ਹੋਮ ਦਾ ਨਾਮ ਪਾਰਕਰ ਹਾਊਸ ਰੱਖਿਆ ਹੈ।

ਸ੍ਰੀ ਸੁਵਰਾਮਨੀਅਮ ਦੇਸ਼ ਦਾ ਖੇਤੀ ਅਤੇ ਖੁਰਾਕ ਮੰਤਰੀ ਜੂਨ 1964 ਵਿਚ ਬਣਿਆ। ਉਹ ਧੜਲੇਦਾਰ ਸਖਸ਼ੀਅਤ ਦਾ ਮਾਲਕ ਸੀ ਅਤੇ ਤੇਜ਼ੀ ਨਾਲ ਫੈਸਲਾ ਲੈਣ ਵਿਚ ਵਿਸ਼ਵਾਸ ਰੱਖਦਾ ਸੀ। ਉਸ ਨੇ ਕਿਸਾਨ ਦੀ ਫਸਲ ਦਾ ਘੱਟੋ ਘੱਟ ਸਮਰਥਨ ਮੁੱਲ ਦੇਣ ਦੀ ਤਜਵੀਜ਼ ਤਿਆਰ ਕੀਤੀ ਤੇ ਇਸ ਨੂੰ ਕੈਬਨਿਟ ਦੀ ਮੀਟਿੰਗ ਵਿਚ ਪੇਸ਼ ਕੀਤਾ। ਇਸ ਦਾ ਵਿਰੋਧ ਵਿਤ ਮੰਤਰੀ ਕ੍ਰਿਸ਼ਨਾਮਚਾਰੀ ਵੱਲੋਂ ਕੀਤਾ ਗਿਆ ਪਰ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਇਸ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਕਿਉਂਕਿ ਅਨਾਜ ਦੀ ਥੁੜ ਪ੍ਰਧਾਨ ਮੰਤਰੀ ਲਈ ਸਭ ਤੋਂ ਵੱਡੀ ਚੁਣੌਤੀ ਸੀ। ਇਸੇ ਕਰਕੇ ਉਨ੍ਹਾਂ ਜੈ ਜਵਾਨ, ਜੈ ਕਿਸਾਨ ਦਾ ਨਾਹਰਾ ਦਿੱਤਾ ਸੀ ਤੇ ਲੋਕਾਂ ਨੂੰ ਹਫਤੇ ਵਿਚ ਇਕ ਦਿਨ ਵਰਤ ਰੱਖਣ ਲਈ ਵੀ ਅਪੀਲ ਕੀਤੀ ਸੀ। ਇਹ ਵੀ ਫੈਸਲਾ ਹੋਇਆ ਕਿ ਜੇਕਰ ਮੰਡੀ ਵਿਚ ਘੱਟੋ ਘੱਟ ਮਿੱਥੇ ਮੁੱਲ ਤੋਂ ਹੇਠਾਂ ਕੀਮਤ ਆਉਂਦੀ ਹੈ ਤਾਂ ਸਰਕਾਰ ਖਰੀਦ ਕਰੇਗੀ। ਇਹ ਵੀ ਫੈਸਲਾ ਹੋਇਆ ਕਿ ਘੱਟੋ-ਘੱਟ ਮਿੱਥਣ ਲਈ ਇਕ ਕਮਿਸ਼ਨ ਬਣਾਇਆ ਜਾਵੇ। ਅਨਾਜ ਦੇ ਭੰਡਾਰ ਦੀ ਜ਼ੁੰਮੇਵਾਰੀ ਲਈ ਵੇਅਰ ਹਾਊਸਿੰਗ ਕਾਰਪੋਰੇਸ਼ਨ ਬਣਾਈ ਗਈ। ਅਨਾਜ ਦੀ ਖਰੀਦ ਤੇ ਵੰਡ ਦੀ ਜ਼ਿੰਮੇਵਾਰੀ ਲਈ ਫੂਡ ਕਾਰਪੋਰੇਸ਼ਨ ਆਫ ਇੰਡੀਆ ਬਨਾਉਣ ਦਾ ਫੈਸਲਾ ਕੀਤਾ ਗਿਆ। ਜਦੋਂ ਮੁੱਲ ਕਮਿਸ਼ਨ ਹੋਂਦ ਵਿਚ ਆਇਆ ਤਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਅਵਤਾਰ ਸਿੰਘ ਕਾਹਲੋਂ ਨੂੰ ਚੇਅਰਮੈਨ ਬਣਾਇਆ ਗਿਆ। ਇੱਥੋਂ ਦੇ ਹੀ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਹੋਰਾਂ ਨੂੰ ਵੀ ਇਸ ਪਦਵੀ ਉਤੇ ਕੰਮ ਕਰਨ ਦਾ ਮੌਕਾ ਮਿਲਿਆ ਸੀ।



ਡਾ. ਰਣਜੀਤ ਸਿੰਘ

ਉਦੋਂ ਹੀ ਮੈਕਸੀਕੋ ਵਿਖੇ ਡਾ. ਬੋਰਲਾਗ ਦੀ ਅਗਵਾਈ ਹੇਠ ਕਣਕ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਹੋਈਆਂ। ਖੇਤੀ ਮੰਤਰੀ ਸੁਵਰਾਮਨੀਅਮ ਨੇ ਬਿਨਾਂ ਸਰਕਾਰੀ ਲਾਲ ਫੀਤਾਸ਼ਾਹੀ ਦੀ ਪ੍ਰਵਾਹ ਕੀਤਿਆਂ ਵੱਡੀ ਮਾਤਰਾ ਵਿਚ ਬੀਜ ਦੀ ਖਰੀਦ ਕਰਵਾਈ ਅਤੇ ਕਿਸਾਨਾਂ ਨੂੰ ਵੰਡਿਆ। ਕਣਕ ਦੀ ਪੈਦਾਵਾਰ ਵਿਚ ਤੇਜ਼ੀ ਨਾਲ ਵਾਧਾ ਹੋਇਆ। ਸਰਕਾਰ ਨੇ ਵੀ ਮਿੱਥੇ ਮੁੱਲ ਉੱਤੇ ਇਸ ਦੀ ਖਰੀਦ ਕੀਤੀ। ਜੇਕਰ ਅਜੇਹਾ ਨਾ ਹੋਇਆ ਹੁੰਦਾ ਤਾਂ ਸ਼ਾਇਦ ਉੱਤਰੀ ਭਾਰਤ ਵਿਚ ਹਰਾ ਇਨਕਲਾਬ ਨਾ ਸਿਰਜਿਆ ਜਾਂਦਾ। ਆਪਣੀ ਉਪਜ ਦਾ ਪੂਰਾ ਮੁੱਲ ਮਿਲਣ ਕਰਕੇ ਕਿਸਾਨਾਂ ਨੇ ਪਹਿਲੀ ਵਾਰ ਖੁਸ਼ਹਾਲੀ ਦਾ ਮੂੰਹ ਵੇਖਿਆ।

ਪੰਜਾਬ ਦੇਸ਼ ਦਾ ਸਭ ਤੋਂ ਖੁਸ਼ਹਾਲ ਸੂਬਾ ਬਣ ਗਿਆ। ਜਿਸ ਤੇਜ਼ੀ ਨਾਲ ਪੰਜਾਬ ਦੇ ਪਿੰਡਾਂ ਦਾ ਨਕਸ਼ਾ ਬਦਲਿਆ ਸੰਸਾਰ ਵਿਚ ਅਜੇਹਾ ਪਹਿਲਾਂ ਕਦੇ ਨਹੀਂ ਹੋਇਆ। ਮੌਜੂਦਾ ਸਰਕਾਰ ਨੇ ਵੀ ਕਿਸਾਨ ਦੀ ਆਮਦਨ ਦੁਗਣੀ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇਹਾ ਨਹੀਂ ਹੋ ਸਕਿਆ ਕਿਉਂਕਿ ਕਿਸਾਨ ਦੀ ਆਮਦਨ ਵਿਚ ਵਾਧਾ ਉਸ ਦੀ ਉਪਜ ਦਾ ਪੂਰਾ ਮੁੱਲ ਮਿਲਣ ਉੱਤੇ ਹੀ ਹੋ ਸਕਦਾ ਹੈ। ਸਮੇਂ ਦੇ ਬੀਤਣ ਨਾਲ ਲਾਗਤ ਕੀਮਤ ਵਿਚ ਤੇਜ਼ੀ ਨਾਲ ਵਾਧਾ ਹੋਇਆ। ਨਿਤ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਵੀ ਤੇਜ਼ੀ ਨਾਲ ਵਧੀਆਂ ਹਨ ਪਰ ਉਸੇ ਅਨੁਪਾਤ ਅਨੁਸਾਰ ਕਿਸਾਨ ਦੀ ਉਪਜ ਦੇ ਮੁੱਲ ਵਿਚ ਵਾਧਾ ਨਹੀਂ ਕੀਤਾ ਗਿਆ। ਜਿਸ ਨਾਲ ਕਿਸਾਨ ਨੇ ਜਿਹੜੀ ਖੁਸ਼ਹਾਲੀ ਦਾ ਮੂੰਹ ਵੇਖਿਆ ਸੀ, ਉਹ ਫਿਕੀ ਪੈਣੀ ਸ਼ੁਰੂ ਹੋ ਗਈ ਹੈ। ਹੁਣ ਹਾਲਤ ਇਹ ਹੋ ਗਈ ਹੈ ਕਿ ਪੰਜਾਬ ਦੇ ਬਹੁਤ ਕਿਸਾਨ ਕਰਜ਼ੇ ਵਿਚ ਡੁੱਬੇ ਪਏ ਹਨ ਅਤੇ ਖੇਤੀ ਵਿਕਾਸ ਦਰ ਸਾਰੇ ਦੇਸ਼ ਨਾਲੋਂ ਘੱਟ ਹੋ ਗਈ ਹੈ।

ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਇਥੋਂ ਦੀ ਘੱਟੋ ਘੱਟ ਅੱਧੀ ਵਸੋਂ ਨੂੰ ਰੁਜ਼ਗਾਰ ਲਈ ਖੇਤੀ ਉੱਤੇ ਹੀ ਨਿਰਭਰ ਰਹਿਣਾ ਪਵੇਗਾ। ਆਬਾਦੀ ਵਿਚ ਤੇਜ਼ੀ ਨਾਲ ਹੋ ਰਹੇ ਵਾਧੇ ਦਾ ਢਿੱਡ ਭਰਨ ਲਈ ਅਨਾਜ ਦੀ ਉਪਜ ਵਿਚ ਵਾਧਾ ਜ਼ਰੂਰੀ ਹੈ। ਉੱਨਤ ਦੇਸ਼ਾਂ ਵਾਂਗ ਭਾਰਤ ਵਿਚ ਵਸੋਂ ਦੀ ਬਹੁਗਿਣਤੀ ਨੂੰ ਸਨਅੱਤੀ ਅਤੇ ਦੂਜੇ ਖੇਤਰਾਂ ਵਿਚ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਸਵੈ-ਚਾਲਕ ਮਸ਼ੀਨਾਂ ਆਉਣ ਨਾਲ ਕਾਮਿਆਂ ਦੀ ਲੋੜ ਘੱਟ ਹੋ ਰਹੀ ਹੈ। ਮਸਨੂਈ ਸਿਆਣਪ ਵਿਚ ਹੋ ਰਹੇ ਵਾਧੇ ਕਾਰਨ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਘੱਟ ਹੋ ਰਹੀਆਂ ਹਨ। ਇਸ ਕਰਕੇ ਸਰਕਾਰ ਨੂੰ ਦੇਸ਼ ਦੀ ਖੁਸ਼ਹਾਲੀ ਲਈ ਜਿਥੇ ਨਵੀਂ ਤਕਨਾਲੋਜੀ ਦੀ ਲੋੜ ਹੈ ਉੱਥੇ ਉਪਰ ਦਾ ਪੂਰਾ ਮੁੱਲ ਦੇਣਾ ਵੀ ਜ਼ਰੂਰੀ ਹੈ। ਇਸ ਵਿਚ ਵਿਉਪਾਰੀ ਵੀ ਸਰਕਾਰ ਦੀ ਸਹਾਇਤਾ ਕਰ ਸਕਦੇ ਹਨ। ਕਿਸਾਨ ਦੀ ਲੁੱਟ ਕਰਨ ਵੀ ਥਾਂ ਇਮਾਨਦਾਰੀ ਨਾਲ ਉਸ ਦੀ ਉਪਜ ਦੀ ਪੂਰੀ ਕੀਮਤ ਦਿੱਤੀ ਜਾਵੇ। ਗਰੀਬ ਕਿਸਾਨ ਦੀ ਮਜ਼ਬੂਰੀ ਦਾ ਫਾਇਦਾ ਨਾ ਉਠਾਇਆ ਜਾਵੇ ਸਗੋਂ ਉਸ ਦੀ ਬਾਂਹ ਫੜੀ ਜਾਵੇ। ਜਿਵੇਂ ਮੈਂ ਪਹਿਲਾਂ ਲਿਖਿਆ ਹੈ ਕਿ ਕਿਸਾਨ ਦੀ ਖੁਸ਼ਹਾਲੀ ਅਤੇ ਵਿਉਪਾਰੀ ਦੀ ਇਮਾਨਦਾਰੀ ਬਿਨਾਂ ਦੇਸ਼ ਕਦੇ ਵੀ ਸਹੀ ਅਰਥਾਂ ਵਿਚ ਖੁਸ਼ਹਾਲ ਨਹੀ ਹੋ ਸਕਦਾ, ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਜਿਵੇਂ ਸਰਕਾਰ ਕਾਰੋਬਾਰੀਆਂ ਦੀ ਬਾਂਹ ਫੜਦੀ ਹੈ ਅਤੇ ਉਨ੍ਹਾਂ ਨੂੰ ਅਨੇਕਾਂ ਸਹੂਲਤਾਂ ਦਿੰਦੀ ਹੈ ਉਸੇ ਤਰ੍ਹਾਂ ਕਿਸਾਨ ਦੀ ਵੀ ਬਾਂਹ ਫੜਨ ਦੀ ਲੋੜ ਹੈ। ਇਹ ਮੰਨਣਾ ਪਵੇਗਾ ਕਿ ਦੇਸ਼ ਦੀ ਲਗਭਗ ਅੱਧੀ ਵਸੋਂ ਨੂੰ ਸੰਤੁਲਿਤ ਭੋਜਨ ਨਸੀਬ ਨਹੀਂ ਹੁੰਦਾ ਅਤੇ ਸਰਕਾਰ ਕੋਈ 80 ਕਰੋੜ ਲੋਕਾਂ ਨੂੰ ਮੁਫਤ ਭੋਜਨ ਦੇ ਰਹੀ ਹੈ ਇਸ ਕਰਕੇ ਖੇਤੀ ਵਿਕਾਸ ਉੱਤੇ ਹੀ ਦੇਸ਼ ਦਾ ਉਜਵਲ ਭਵਿੱਖ ਨਿਰਭਰ ਕਰਦਾ ਹੈ। ਸਵਰਗਵਾਸੀ ਡਾ. ਸਵਾਮੀਨਾਥਨ ਨੇ ਆਖਿਆ ਸੀ ਕਿ ਭਵਿੱਖ ਵਿਚ ਉਹ ਦੇਸ਼ ਤਾਕਤਵਰ ਨਹੀਂ ਹੋਵੇਗਾ ਜਿਸ ਕੋਲ ਸ਼ਕਤੀਸ਼ਾਲੀ ਫੌਜ ਹੋਵੇਗੀ ਸਗੋਂ ਦੇਸ਼ ਹੀ ਤਾਕਤਵਰ ਹੋਵੇਗਾ ਜਿਸ ਕੋਲ ਭੋਜਨ ਹੋਵੇਗਾ।

ਸਰਕਾਰ ਹੁਣ ਕੋਈ 22 ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਐਲਾਨ ਕਰਦੀ ਹੈ। ਇਸ ਨੂੰ ਲਾਗੂ ਕਰਨ ਵਿਚ

ਬਾਕੀ ਸਫਾ 6 'ਤੇ




ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info

KHETI DUNIYAN
An Exclusive Agril. Weekly

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 09
ਮਿਤੀ 02-03-2024



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਆਰਗੈਨਿਕ ਢੰਗ ਨਾਲ ਬਣਾਇਆ ਗੁੜ ਵੇਚ ਕੇ ਚੋਖੀ ਕਮਾਈ ਕਰ ਰਿਹਾ ਕਿਸਾਨ ਕਰਤਾਰ ਸਿੰਘ

## ਖੇਤੀ ਨੂੰ ਨਵੀਂ ਦਿਸ਼ਾ ਦੇ ਕੇ ਕਿਸਾਨ ਕਰਤਾਰ ਸਿੰਘ ਬਣਿਆ ਮਿਸਾਲ

ਪੰਜਾਬ ਦੀ ਜਵਾਨੀ ਹੱਥੀਂ ਕੰਮ ਕਰਨ ਦੀ ਬਜਾਏ ਵਿਦੇਸ਼ਾਂ ਵੱਲ ਉਡਾਰੀ ਮਾਰਨ ਦੀ ਤਾਂਘ ਰੱਖਦੀ ਹੈ। ਉੱਥੇ ਹੀ ਕੁੱਝ ਅਗਾਂਹਵਧੂ ਕਿਸਾਨ ਰਵਾਇਤੀ ਫਸਲਾਂ ਨਾਲੋਂ ਹਟ ਕੇ ਵੱਖਰੇ ਢੰਗ ਨਾਲ ਖੇਤੀ ਕਰ ਕੇ ਚੰਗੀ ਕਮਾਈ ਕਰ ਰਹੇ ਹਨ। ਅਜਿਹੇ ਕਿਸਾਨ ਹੋਰਨਾ ਕਿਸਾਨਾਂ ਲਈ ਮਿਸਾਲ ਵੀ ਬਣੇ ਹੋਏ ਹਨ। ਅਜਿਹੇ ਹੀ ਇਕ ਕਿਸਾਨ ਕਰਤਾਰ ਸਿੰਘ ਹਨ ਜੋ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਹੰਸਾਂਵਾਲਾ ਦਾ ਰਹਿਣਵਾਲਾ ਹੈ। ਇਹ ਕਿਸਾਨ ਆਰਗੈਨਿਕ ਢੰਗ ਨਾਲ ਗੰਨੇ ਦੀ ਖੇਤੀ ਕਰ ਕੇ ਚੋਖੀ ਕਮਾਈ ਕਰਦਿਆਂ ਵਧੀਆ ਜੀਵਨ ਬਸਰ ਕਰ ਰਿਹਾ ਹੈ।

ਗ੍ਰੈਜੂਏਸ਼ਨ ਕਰਨ ਉਪਰੰਤ ਵਿਦੇਸ਼ ਜਾਣ ਦੀ ਬਜਾਏ ਪਿਤਾ-ਪੁਰਖੀ ਕਿੱਤੇ ਨੂੰ ਅਪਣਾ ਕੇ ਕੁਦਰਤੀ ਖੇਤੀ ਕਰਨ ਵਾਲੇ ਕਿਸਾਨ ਕਰਤਾਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਉਸ ਦਾ ਪਰਿਵਾਰ 6 ਸਾਲਾਂ ਤੋਂ ਗੰਨੇ ਦੀ ਬਿਨਾ ਕਿਸੇ ਰਸਾਇਣਿਕ ਖਾਦ ਤੋਂ ਕੁਦਰਤੀ ਤਰੀਕੇ ਨਾਲ ਆਰਗੈਨਿਕ ਖੇਤੀ ਕਰ ਰਿਹਾ ਹੈ ਜਿਸ ਵਿਚ ਉਸ ਦਾ ਪਰਿਵਾਰ ਪੂਰਾ ਸਹਿਯੋਗ ਦੇ ਰਿਹਾ ਹੈ।

ਆਪਣੇ ਖੇਤ ਦੇ ਗੰਨੇ ਤੋਂ ਕਈ ਤਰ੍ਹਾਂ ਦਾ ਗੁੜ, ਸ਼ੱਕਰ ਤੇ ਹੋਰ ਚੀਜ਼ਾਂ ਬਣਾ ਕੇ ਖੁਦ ਵੇਚ ਵੀ ਰਿਹਾ ਹੈ। ਜਿਸ ਨਾਲ ਉਸ ਨੂੰ ਕਈ ਗੁਣਾਂ ਵੱਧ ਕਮਾਈ ਹੋ ਰਹੀ ਹੈ।

ਕਰਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਗੁੜ ਦੀ ਇਸ ਵੇਲੇ ਇੰਨੀ ਮੰਗ ਹੈ ਕਿ ਲੋਕ ਵਿਦੇਸ਼ਾਂ ਤੱਕ ਗੁੜ ਮੰਗਵਾ ਰਹੇ ਹਨ, ਉਹ ਵੀ ਐਡਵਾਂਸ ਪੈਸੇ ਭੇਜ ਕੇ। ਉਨ੍ਹਾਂ ਦੱਸਿਆ ਕਿ ਉਹ 5 ਸਾਲਾਂ ਤੋਂ ਗੰਨੇ ਦੀ ਆਰਗੈਨਿਕ ਢੰਗ ਨਾਲ ਖੇਤੀ ਕਰ ਰਿਹਾ ਹੈ। ਆਪਣੇ ਖੇਤ ਵਿਚ ਪੈਦਾ ਕੀਤੇ ਗੰਨੇ ਦਾ ਉਨ੍ਹਾਂ ਵੱਲੋਂ ਘੁਲਾੜਾ ਲਗਾਇਆ ਗਿਆ ਹੈ। ਜਿੱਥੇ ਗੰਨੇ ਤੋਂ ਗੁੜ-ਸ਼ੱਕਰ ਤਿਆਰ ਕਰ ਕੇ ਵੇਚੇ ਜਾਂਦੇ ਹਨ। ਉਨ੍ਹਾਂ ਵੱਲੋਂ ਬਣਾਇਆ ਗਿਆ ਗੁਣ ਰਸਾਇਣਾਂ ਤੋਂ ਸੌ ਫੀਸਦੀ ਰਹਿਤ ਹੈ ਜਿਸ ਦੀ ਕੋਈ ਵੀ ਵਿਅਕਤੀ ਜਾਂਚ ਕਰਵਾ ਸਕਦੀ ਹੈ। ਜੇ ਉਹ ਆਪਣੀ ਗੰਨੇ ਦੀ ਫਸਲ ਸ਼ੂਗਰ ਮਿੱਲ ਵਿਚ ਵੇਚਦੇ ਹਨ ਤਾਂ ਪਹਿਲੀ ਸਮੱਸਿਆ ਫਸਲ ਨੂੰ ਵੇਚਣ ਦੀ ਆਉਂਦੀ ਹੈ। ਫਿਰ ਭੁਗਤਾਨ ਲੈਣ ਸਮੇਂ ਵੀ ਧਰਨੇ ਲਗਾਉਣੇ ਪੈਂਦੇ ਹਨ ਜਿਸ ਕਰ ਹੁਣ ਆਪਣੇ ਇਸ ਆਪਣੇ ਇਸ ਕਾਰੋਬਾਰ ਨਾਲ ਜਿੱਥੇ ਕਮਾਈ ਵੀ ਵੱਧ ਹੁੰਦੀ ਹੈ ਅਤੇ ਆਪਣੀ ਪਛਾਣ ਵੀ ਵੱਖਰੇ ਤੌਰ 'ਤੇ ਬਣਦੀ ਹੈ। ਉਨ੍ਹਾਂ ਕਿਹਾ ਕਿ ਵਧੇਰੇ ਮੁਨਾਫੇ ਦੇ ਲਾਲਚ ਵਿਚ ਬਾਜ਼ਾਰੀ ਚੀਜ਼ਾਂ 'ਚ ਮਿਲਾਵਟ ਕੀਤੀ ਜਾਂਦੀ ਹੈ ਜਦੋਂ ਕਿ ਉਨ੍ਹਾਂ ਦਾ ਉਤਪਾਦ ਬਿਨਾਂ ਕਿਸੇ ਮਿਲਾਵਟ ਦੇ ਵੇਚਿਆ ਜਾਂਦਾ ਹੈ।

ਕਰਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਗੁੜ 120 ਰੁਪਏ ਪ੍ਰਤੀ ਕਿੱਲੋ ਹੱਥੋਂ-ਹੱਥੀਂ ਵਿਕ ਜਾਂਦਾ ਹੈ। ਉਨ੍ਹਾਂ ਨੂੰ ਸਾਮਾਨ ਵੇਚਣ 'ਚ ਕਦੇ ਦਿੱਕਤ ਨਹੀਂ ਆਈ। ਆਰਗੈਨਿਕ ਤਰੀਕੇ ਨਾਲ ਕੀਤੀ ਖੇਤੀ 'ਤੇ ਮਿਹਨਤ ਤਾਂ ਜ਼ਰੂਰ ਵਧੇਰੇ ਲੱਗਦੀ ਹੈ ਪਰ ਰਸਾਇਣਕ ਖੇਤੀ ਨਾਲੋਂ ਕਮਾਈ ਵੀ ਕਈ ਗੁਣਾ ਵੱਧ ਹੈ।

### ਕੀ ਹੈ ਆਰਗੈਨਿਕ ਖੇਤੀ

ਆਰਗੈਨਿਕ ਖੇਤੀ ਸਬੰਧੀ ਜਾਣਕਾਰੀ ਦਿੰਦੇ ਖਾਲਸਾ ਕਾਲਜ ਅੰਮ੍ਰਿਤਸਰ ਖੇਤੀਬਾੜੀ ਵਿਭਾਗ ਦੇ ਪ੍ਰੋਫੈਸਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਖੇਤੀਬਾੜੀ ਸਬੰਧੀ ਪੀ ਐੱਚ ਡੀ ਕਰ ਰਹੇ ਪ੍ਰੋ. ਰਾਜਨਬੀਰ ਸਿੰਘ ਨੇ ਦੱਸਿਆ ਕਿ ਆਰਗੈਨਿਕ ਖੇਤੀ ਅਜਿਹੀ ਤਕਨੀਕ ਹੈ ਜਿਸ ਵਿਚ ਖੇਤ 'ਚ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਕੀਤੀ ਜਾਂਦੀ ਬਲਕਿ ਖੇਤਾਂ ਦੀ ਰਹਿੰਦ-ਖੂੰਹਦ ਨੂੰ ਵਰਤ ਕੇ ਖੇਤੀ ਕੀਤੀ ਜਾਂਦੀ ਹੈ। ਆਰਗੈਨਿਕ ਖੇਤੀ ਵਿਚ ਪਸ਼ੂਆਂ ਦੇ ਗੋਬਰ ਅਤੇ ਪੇਸ਼ਾਬ ਅਧਾਰਤ ਖਾਦ, ਰੂੜੀ ਦੀ ਖਾਦ, ਗੰਡੋਆ ਖਾਦ ਆਦਿ ਦੀ ਵਰਤੋਂ ਨਾਲ ਜ਼ਮੀਨ ਅਤੇ ਫਸਲਾਂ ਨੂੰ ਤੰਦਰੁਸਤ ਰੱਖਿਆ ਜਾਂਦਾ ਹੈ। ਇਸ ਤਕਨੀਕ ਵਿਚ ਜ਼ਮੀਨ ਨੂੰ ਸਿਹਤਮੰਦ ਬਣਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਕਿ ਪੌਦੇ ਜ਼ਮੀਨ ਵਿਚੋਂ ਹੀ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ ਤੇ ਹੋਰ ਜ਼ਰੂਰੀ ਤੱਤ ਹਾਸਲ ਕਰ ਸਕਣ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਨੁੱਖੀ ਸਿਹਤ ਲਈ ਜ਼ਰੂਰੀ ਹੈ ਕਿ ਆਰਗੈਨਿਕ ਵਸਤਾਂ ਅਪਣਾਈਆਂ ਜਾਣ ਤੇ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਾਂ ਦਾ ਸਹੀ ਮੁੱਲ ਦੇ ਕੇ ਕੁਦਰਤੀ ਖੇਤੀ ਵੱਲ ਉਤਸ਼ਾਹਿਤ ਕੀਤਾ ਜਾਵੇ। ਇਹ ਮਨੁੱਖੀ ਜੀਵਨ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵਧੀਆ ਢੰਗ ਸਾਬਤ ਹੋ ਸਕਦਾ ਹੈ।

### ਸਿਹਤ ਲਈ ਫਾਇਦੇਮੰਦ ਹੈ

ਗੁੜ ਸਿਹਤ ਮਾਹਰ ਡਾ. ਚੇਤਨਬੀਰ ਸਿੰਘ ਨੇ ਦੱਸਿਆ ਕਿ ਗੁੜ ਵਿਚ ਸਿਰਫ ਮਿਠਾਸ ਹੀ ਨਹੀਂ, ਬਲਕਿ ਗੁੜ ਵਿਚ ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਪੋਟਾਸ਼ੀਅਮ ਅਤੇ ਫਾਸਫੋਰਸ ਮੌਜੂਦ ਹੁੰਦੇ ਹਨ। ਇਸ ਦੇ ਨਾਲਹੀ ਇਸ ਵਿਚ ਜ਼ਿੰਕ, ਕਾਪਰ, ਥਿਆਮਿਨ, ਰਿਬੋਫਲੇਵਿਨ ਅਤੇ ਨਿਆਸੀਨ ਵਰਗੇ ਪੌਸ਼ਿਕ ਤੱਤ ਵੀ ਹੁੰਦੇ ਹਨ। ਗੁੜ ਦੀ ਤਾਸੀਰ ਗਰਮ ਹੁੰਦੀ ਹੈ, ਇਸ ਲਈ ਸਰਦੀਆਂ ਵਿਚ ਗੁੜ ਦੀ ਵਰਤੋਂ ਸਿਹਤ ਸਬੰਧੀ ਕਈ ਸਮੱਸਿਆਵਾਂ ਦੂਰ ਕਰਨ ਵਿਚ ਸਹਾਈ ਹੁੰਦੀ ਹੈ। ਗੁੜ ਦਾ ਸੇਵਨ ਸਰੀਰ 'ਚ ਖੂਨ ਦੀ ਕਮੀ, ਪਾਚਣ ਸਬੰਧੀ ਸਮੱਸਿਆਵਾਂ, ਭਾਰ ਘੱਟ ਕਰਨ 'ਚ ਮਦਦ ਕਰਦਾ ਹੈ।

# ਵੈਟਨਰੀ ਯੂਨੀਵਰਸਿਟੀ ਦੇ ਐਨੀਮਲ ਬਾਇਓ-ਤਕਨਾਲੋਜੀ ਕਾਲਜ ਨੇ ਮਨਾਇਆ ਸਥਾਪਨਾ ਦਿਵਸ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਕਾਲਜ ਆਫ ਐਨੀਮਲ ਬਾਇਓਤਕਨਾਲੋਜੀ ਨੇ



ਆਪਣਾ ਸਥਾਪਨਾ ਦਿਵਸ ਮਨਾਇਆ। ਇਸ ਮੌਕੇ ਕੋਮਲ ਕਲਾਵਾਂ ਅਤੇ ਸਾਹਿਤਕ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਕਾਲਜ ਦੇ ਡੀਨ, ਡਾ. ਯਸ਼ਪਾਲ ਸਿੰਘ ਮਲਿਕ ਨੇ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਕਾਲਜ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਅਮਰੀਕਾ ਦੀ ਸੰਸਥਾ ਐਮ ਆਈ ਟੀ ਤੋਂ ਆਏ ਡਾ. ਆਰ ਐਸ ਰਾਣੂ ਅਤੇ ਐਨੀਮਲ ਬਾਇਓ-ਤਕਨਾਲੋਜੀ ਸਕੂਲ ਦੇ ਭੂਤਪੂਰਵ ਨਿਰਦੇਸ਼ਕ, ਡਾ. ਜੀ ਐਸ ਬਰ੍ਹਾ ਵਿਸ਼ੇਸ਼ ਮਹਿਮਾਨ ਵਜੋਂ ਪਧਾਰੇ।

ਡਾ. ਰਾਣੂ ਨੇ ਜੈਵਿਕ ਤਕਨਾਲੋਜੀ ਵਿਗਿਆਨੀ ਵਜੋਂ ਆਪਣੇ ਕੰਮ ਤੇ ਤਜਰਬੇ ਸਾਂਝੇ ਕਰਦਿਆਂ ਨੋਬਲ ਵਿਗਿਆਨੀ ਡਾ. ਹਰਗੋਬਿੰਦ ਖੁਰਾਣਾ ਨਾਲ ਕੀਤੇ ਕਾਰਜ ਦਾ ਵੀ ਉਲੇਖ ਕੀਤਾ। ਡਾ. ਬਰ੍ਹਾ ਨੇ ਐਨੀਮਲ ਬਾਇਓਤਕਨਾਲੋਜੀ ਸਕੂਲ ਦੀ ਸਥਾਪਨਾ ਦੇ ਆਪਣੇ ਤਜਰਬੇ ਤੇ ਯਾਦਾਂ ਸਾਂਝੀਆਂ ਕੀਤੀਆਂ। ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ ਨੇ ਬਤੌਰ ਮੁੱਖ ਮਹਿਮਾਨ, ਆਯੋਜਕਾਂ ਨੂੰ ਅਤੇ ਕਾਲਜ ਨੂੰ ਸਥਾਪਨਾ ਦਿਵਸ ਦੀ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਵਿਦਿਆਰਥੀ ਨਿਰੰਤਰ ਅਜਿਹੀਆਂ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਰਹਿਣ। ਉਨ੍ਹਾਂ ਨੇ ਕਾਲਜ ਵੱਲੋਂ ਮਨੁੱਖਤਾ ਦੀ ਸੇਵਾ ਹਿਤ ਕੀਤੇ ਜਾ ਰਹੇ ਯਤਨਾਂ ਨੂੰ ਸਰਾਹਿਆ ਅਤੇ ਹੋਰ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਆ।

ਯੂਨੀਵਰਸਿਟੀ ਦੇ ਵਿਭਿੰਨ ਅਧਿਕਾਰੀਆਂ ਨੇ ਵੀ ਸਮਾਗਮ ਦੀ ਸੋਭਾ ਵਧਾਈ। ਡਾ. ਸਤਪ੍ਰਕਾਸ਼ ਸਿੰਘ, ਪ੍ਰਬੰਧਕੀ ਸਕੱਤਰ ਨੇ ਦੱਸਿਆ ਕਿ ਅਧਿਆਪਕ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੇ ਬਹੁਤ ਉਤਸਾਹ ਨਾਲ ਸਮਾਗਮ ਵਿਚ ਹਿੱਸਾ ਲਿਆ। ਇਸ ਮੌਕੇ ਫੋਟੋਗ੍ਰਾਫੀ, ਰੰਗੋਲੀ ਅਤੇ ਮੌਕੇ 'ਤੇ ਭਾਸ਼ਣਕਾਰੀ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆ ਦੇ ਜੇਤੂਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।

# ਕਮਾਦ ਤੋਂ ਵੱਧ ਕਮਾਈ ਲਈ ਪੌਦ ਸੁਰੱਖਿਆ ਦੇ ਖਾਸ ਨੁਕਤੇ

ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ, ਪੀ. ਏ. ਯੂ., ਲੁਧਿਆਣਾ (ਮੋ.9464720231)

ਕਮਾਦ ਪੰਜਾਬ ਦੀ ਮੁੱਖ ਫਾਇਦੇ ਵਾਲੀ ਫਸਲ ਹੈ। ਸਾਲ 2021-22 ਦੌਰਾਨ ਇਸ ਦੀ ਕਾਸ਼ਤ 86.8 ਹਜ਼ਾਰ ਹੈਕਟੇਅਰ ਰਕਬੇ ਵਿਚ ਕੀਤੀ ਗਈ। ਇਸ ਦਾ ਔਸਤ ਝਾੜ 82.15 ਕੁਇੰਟਲ ਪ੍ਰਤੀ ਹੈਕਟੇਅਰ ਰਿਹਾ। ਇਕ ਅੰਦਾਜ਼ਾ ਲਗਾਇਆ ਹੈ ਕਿ ਕਈ ਰੋਗਾਂ/ਨਦੀਨਾਂ ਅਤੇ ਵੈਰੀ ਕੀੜਿਆਂ ਦੇ ਹਮਲੇ ਕਾਰਨ ਕੋਈ 13 ਤੋਂ 20 ਪ੍ਰਤੀਸ਼ਤ ਕਮਾਦ ਦੀ ਫਸਲ ਦਾ ਝਾੜ ਘੱਟ ਜਾਂਦਾ ਹੈ। ਅਜਕਲ ਬੀਜੜ ਕਮਾਦ ਅਤੇ ਮੁੱਢੀ ਫਸਲ ਦੀ ਬਿਜਾਈ ਅਤੇ ਸਾਂਭ ਸੰਭਾਲ ਦਾ ਕੰਮ ਚਲ ਰਿਹਾ ਹੈ। ਇਸ ਲਈ ਕੁੱਝ ਖਾਸ ਪੌਦ ਸੁਰੱਖਿਆ ਦੇ ਖਾਸ ਨੁਕਤੇ ਹੇਠ ਦਿੱਤੇ ਜਾ ਰਹੇ ਹਨ, ਇਨ੍ਹਾਂ ਨੂੰ ਅਪਨਾ ਕੇ ਕਮਾਦ ਤੋਂ ਵੱਧ ਮੁਨਾਫਾ ਲੈ ਸਕਦੇ ਹਾਂ।

1. ਕਮਾਦ ਦੀ ਬਿਜਾਈ ਮਾਰਚ ਮਹੀਨੇ ਦੇ ਅਖੀਰ ਤੱਕ ਪੂਰੀ ਕਰ ਲਵੋ।

2. ਗੰਨੇ ਦੀ ਬੀਜਾਈ ਲਈ ਜੋ ਬੀਜ ਚੁਣਿਆ ਹੈ ਉਹ ਰੱਤਾ ਰੋਗ, ਸੋਕੜਾ, ਕਾਂਗਿਆਰੀ,



ਮੁੱਢੇ ਕਮਾਦ ਦਾ ਮਧਰਾਪਣ ਦਾ ਰੋਗ ਅਤੇ ਘਾਹ ਵਰਗਿਆਂ ਸ਼ਾਖਾਂ ਦੇ ਰੋਗ ਤੋਂ ਮੁਕਤ ਹੋਣਾ ਚਾਹੀਦਾ ਹੈ।

3. ਅਗੇਤੀਆਂ ਪ੍ਰਮਾਨਿਤ ਕਿਸਮਾਂ ਦੀ ਬਿਜਾਈ ਮਾਰਚ ਤੋਂ ਬਾਅਦ ਨਾ ਕਰੋ, ਕਿਉਂਕਿ ਅਪ੍ਰੈਲ ਵਿਚ ਤਾਪਮਾਨ ਵਧਣਾ ਸ਼ੁਰੂ ਹੋ ਜਾਂਦਾ ਹੈ।

4. ਜੇਕਰ ਕਿਸੀ ਹਾਲਤ ਵਿਚ ਪਿਛੇਤੀ ਕਰਨੀ ਹੋਵੇ ਤਾਂ ਕੋਈ ਵੀ ਦਰਮਿਆਨੀ ਪਿਛੇਤੀ ਕਿਸਮ ਹੀ ਬੀਜੋ।

5. ਦਰਮਿਆਨੀ-ਪਿਛੇਤੀ ਪੱਕਣ ਵਾਲੀਆਂ ਕਿਸਮਾਂ ਵਿਚ ਸੀ. ਓ. ਪੀ. ਬੀ.-98, ਸੀ. ਓ. ਪੀ. ਬੀ.-94, ਸੀ. ਓ. ਪੀ. ਬੀ.-91, ਸੀ. ਓ.-238 ਅਤੇ ਸੀ. ਓ. ਜੇ.-88 ਸ਼ਾਮਲ ਹਨ।

6. ਗੰਨੇ ਦੀ ਫਸਲ ਨੂੰ ਉੱਗਣ ਵੇਲੇ ਸਿਉਂਕ ਦੀ ਰੋਕਥਾਮ ਲਈ 200 ਮਿ.ਲਿ. ਕੋਰਾਜ਼ਨ 18.5 ਐਸ.ਸੀ. ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿਚ ਪਈਆਂ ਗੁੱਲੀਆਂ ਉੱਪਰ ਛਿੜਕੋ।

7. ਕਮਾਦ ਦੇ ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਵਿਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ।

**ਨੋਟ** : ਇਹ ਘੋਲ ਬਣਾਉਣ ਲਈ 25 ਮਿ.ਲਿ. ਈਥਰਲ 39 ਐਸ. ਐੱਲ ਨੂੰ 100 ਲਿਟਰ ਪਾਣੀ ਵਿਚ ਘੋਲੋ ਜਾਂ ਗੁਲੀਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਇਸ ਘੋਲ ਵਿਚ ਡੋਬ ਲਵੋ।

8. ਗੰਨੇ ਦੀ ਫਸਲ ਨੂੰ ਉੱਗਣ ਵੇਲੇ ਅਗੇਤੀ ਫੋਟ ਦੀ ਗੜੂੰਏਂ ਦੇ ਹਮਲੇ ਤੋਂ ਬਚਾਉਣ ਲਈ ਖਾਲੀਆਂ ਵਿਚ ਪਈਆਂ ਪੋਰੀਆਂ ਉੱਪਰ 10 ਕਿਲੋ ਰੀਜੈਂਟ, ਰਿਪਨ/ਮੋਰਟੈਲ 0.3 ਜੀ (ਫਿਪਰੋਨਿਲ)



ਮਿੱਟੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਵਰਤੋ।

9. ਮੌਸਮੀ ਨਦੀਨਾਂ ਦੀ ਰੋਕਥਾਮ ਲਈ : ਐਟਰਾਟਾਫ 50 ਡਬਲਯੂ ਪੀ (ਐਟਰਾਜੀਨ) ਜਾਂ ਸੈਨਕੋਰ 70 ਡਬਲਯੂ ਪੀ (ਸੈਟਰੀਥਿਊਜਿਨ) ਜਾਂ 800 ਗ੍ਰਾਮ ਕਲਾਸ 80 ਘੁਲਣਸ਼ੀਲ (ਡਾਈਯੂਰਾਨ) ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ ਕਮਾਦ ਦੀ ਫਸਲ ਬੀਜਣ ਤੋਂ 2-3 ਦਿਨ ਅੰਦਰ ਛਿੜਕੋ।

ਡੀਲੇ ਦੀ ਰੋਕਥਾਮ ਲਈ 800 ਗ੍ਰਾਮ ਪ੍ਰਤੀ ਏਕੜ 2,4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ।

★ **ਨੋਟ** : ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਉਪਰੋਕਤ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਦੀ ਵਰਤੋਂ ਓਹੀ ਮਾਤਰਾ ਦਾ ਛਿੜਕਾਅ ਉਦੋਂ ਕਰੋ ਨਦੀਨ 3-4 ਪੱਤਿਆਂ ਦੀ ਅਵਸਥਾ ਹੋਵੇ।

10. ਮੂਢੀ ਫਸਲ ਉੱਪਰ ਅਗੇਤੀ ਫੋਟ ਦਾ ਗੜੂੰਆਂ : ਆਗ ਦਾ ਗੜੂੰਆਂ ਅਤੇ, ਕਾਲਾ ਖਟਮਲ (ਬੱਗ) ਦਾ ਹਮਲਾ ਅਗੇਤਾ ਹੀ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਕੀੜਿਆਂ ਉੱਪਰ ਅਪ੍ਰੈਲ-ਜੂਨ ਮਹੀਨਿਆਂ ਹੀ ਨਜ਼ਰ ਰਖੋ ਅਤੇ ਉਸ ਵੇਲੇ ਹੇਠ ਦੱਸੇ ਗਏ ਰੋਕਥਾਮ ਦੇ ਨੁਕਤਿਆਂ ਤੇ ਅਮਲ ਕਰੋ।

1. **ਅਗੇਤੀ ਫੋਟ ਦਾ ਗੜੂੰਆਂ** : ਫਸਲ ਦੀ ਬਿਜਾਈ ਤੋਂ 45 ਦਿਨਾਂ ਬਾਅਦ 10 ਕਿਲੋ ਰੀਜੈਂਟ/ਰਿਪਨ 0.3 ਫਿਪਰੋਨਿਲ ਨੂੰ 20 ਕਿਲੋ ਗਿਲੀ ਮਿੱਟੀ/ਰੇਤ ਵਿਚ ਮਿਲਾ ਕੇ ਜਾਂ 2 ਲਿਟਰ ਕਲੋਰਪਾਈਰੀਫਾਸ 20 ਈ.ਸੀ. ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਓ ਅਤੇ ਬਾਅਦ ਵਿਚ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ।

2. **ਕਾਲਾ ਖਟਮਲ (ਬੱਗ)** : ਇਸ ਦੀ ਰੋਕਥਾਮ ਲਈ 350 ਮਿ. ਲਿ. ਕਲੋਰਪਾਈਰੀਫਾਸ 20 ਈ. ਸੀ. ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਬੂਟਿਆਂ ਦੀਆਂ ਗੋਭਾਂ ਅਤੇ ਪੱਤਿਆਂ ਦੇ ਨਵੇਂ ਝੁੰਡਾਂ ਵਿਚਕਾਰ ਸਪਰੇਅ ਕਰੋ ਤਾਂ ਕਿ ਇਸ ਬਗ ਦੇ ਜਵਾਨ ਅਤੇ ਛੋਟੇ ਵੱਧ ਤਦਾਦ ਵਿਚ ਮਰਜਾਨ।

3. **ਆਗ ਦਾ ਗੜੂੰਆਂ** : ਜੂਨ ਦੇ ਆਖਰੀ ਹਫਤੇ 12 ਕਿਲੋ ਕਾਰਬੋਫੂਰਾਨ 3 ਜੀ ਦੇ ਕੈਪਸੂਲ ਨੂੰ ਸ਼ਾਖਾ ਦੇ ਮੁੱਢਾਂ ਨੇੜੇ ਪਾਓ ਅਤੇ ਮੁੱਢਾਂ ਨੂੰ ਹਲਕੀ ਮਿੱਟੀ ਚਾੜ੍ਹ ਕੇ ਖੇਤ ਨੂੰ ਪਾਣੀ ਲਾ ਦਿਓ। ਇਸ ਤਰ੍ਹਾਂ ਆਗ ਦੀ ਤੀਜੀ ਪੀੜ੍ਹੀ ਨਸ਼ਟ ਹੋ ਜਾਵੇਗੀ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਕਣਕ** : ਕਿਸਾਨ ਵੀਰ ਵਧਦੇ ਤਾਪਮਾਨ ਦੇ ਅਸਰ ਨੂੰ ਘਟਾਉਣ ਲਈ ਕਣਕ ਨੂੰ ਮਾਰਚ ਦੇ ਅਖੀਰ ਤੱਕ ਪਾਣੀ ਲਗਾ ਸਕਦੇ ਹਨ ਪਰ ਖਿਆਲ ਰਹੇ ਕਿ ਫਸਲ ਨੂੰ ਡਿੱਗਣ ਤੋਂ ਬਚਾਵੁਣ ਲਈ ਬਾਰਿਸ਼ ਜਾਂ ਤੇਜ਼ ਹਵਾਵਾਂ ਚੱਲਣ ਵੇਲੇ ਪਾਣੀ ਨਾ ਲਗਾਓ। ਸਮੇਂ ਸਿਰ ਬੀਜੀ ਕਣਕ ਵਿਚ ਜੇਕਰ ਗੋਭ ਵਾਲਾ ਪੱਤਾ ਬਾਹਰ ਨਿਕਲ ਆਇਆ ਹੈ ਤਾਂ 2% ਪੋਟਾਸ਼ੀਅਮ ਨਾਈਟ੍ਰੇਟ (13:0:45) 4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਇਕ ਸਪਰੇਅ ਕਰੋ ਅਤੇ ਦੂਸਰੀ ਸਪਰੇਅ ਸਿੱਟੇ ਉੱਪਰ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਏਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰੋ। ਇਨ੍ਹਾਂ ਦਿਨਾਂ ਵਿਚ ਕਣਕ ਦੀ ਫਸਲ ਦਾ ਲਗਾਤਾਰ ਸਰਵੇਖਣ ਕਰੋ। ਜੇਕਰ ਪੀਲੀ ਕੁੰਗੀ ਦਾ ਹਮਲਾ ਨਜ਼ਰ ਆਵੇ ਤਾਂ ਫਸਲ ਤੇ 0.1% ਕਸਟੋਡੀਆ / ਕੈਵੀਅਟ / ਓਪੇਰਾ / ਟਿਲਟ / ਸਿਟਲਟ / ਬੰਪਰ / ਸ਼ਾਈਨ / ਮਾਰਕਜ਼ੋਲ ਜਾਂ 0.06% ਨਟੀਵੋ ਦਾ ਛਿੜਕਾਅ ਸਾਫ ਮੌਸਮ ਹੋਣ ਤੇ ਕਰੋ। ਤਣੇ ਦੀ ਗੁਲਾਬੀ ਸੁੰਡੀ ਦੀ ਰੋਕਥਾਮ ਲਈ 7 ਕਿਲੋ ਮੋਰਟਲ/ਰਿਜੈਂਟ 0.3 ਜੀ ਜਾਂ 1 ਲਿਟਰ ਡਰਸਬਾਨ 20 ਈ ਸੀ ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ ਜਾਂ 50 ਮਿਲੀਲਿਟਰ ਕੋਰਾਜ਼ਨ 18.5 ਐਸ. ਸੀ. ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਕਰਨਾਲ ਬੰਟ ਮੁਕਤ ਬੀਜ ਤਿਆਰ ਕਰਨ ਲਈ ਫਸਲ ਤੇ ਸਿਫਾਰਿਸ਼ ਟਿਲਟ 25 ਤਾਕਤ ਦੀ 200 ਮਿਲੀਲਿਟਰ ਮਾਤਰਾ 200 ਲਿਟਰ ਪਾਣੀ ਵਿਚ ਪਾ ਕੇ ਸਿੱਟੇ ਨਿਕਲਣ ਵੇਲੇ ਇਕ ਛਿੜਕਾਅ ਕਰੋ।

**ਕਮਾਦ** : ਕਮਾਦ ਦੀ ਸਿਫਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-96, ਸੀ ਓ ਪੀ ਬੀ-95, ਸੀ ਓ ਪੀ ਬੀ-92, ਸੀ ਓ-15023, ਸੀ ਓ-118, ਸੀ ਓ ਜੇ-85, ਸੀ ਓ ਜੇ-64 (ਅਗੇਤੀਆਂ ਕਿਸਮਾਂ) ਸੀ ਓ ਪੀ ਬੀ-98 ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ-238 ਅਤੇ ਸੀ ਓ ਜੇ-88 (ਦਰਮਿਆਨੀ, ਪਿਛੇਤੀ ਪੱਕਣ ਵਾਲੀਆਂ) ਦੀ ਬਿਜਾਈ ਸ਼ੁਰੂ ਕਰ ਦਿਓ।

**ਤੇਲ ਬੀਜ** : ਚੇਪੇ ਦੇ ਹਮਲੇ ਤੋਂ ਬਚਾਉਣ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80-125 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਰੋਗਰ ਸੁਰੰਗੀ ਕੀੜੇ ਦੀ ਰੋਕਥਾਮ ਵੀ ਕਰੇਗੀ।

**ਮੂੰਗਫਲੀ** : ਬਹਾਰ ਰੁੱਤ ਦੀ ਮੂੰਗਫਲੀ ਦੀ ਬਿਜਾਈ ਫਰਵਰੀ ਦੇ ਦੂਸਰੇ ਪੰਦਰਵਾੜੇ ਵਿੱਚ ਜਿੰਨੀ ਜਲਦੀ ਹੋ ਸਕੇ ਕਰ ਲੈਣੀ ਚਾਹੀਦੀ ਹੈ। ਬਹਾਰ ਰੁੱਤ ਦੀ ਮੂੰਗਫਲੀ ਦੀਆਂ ਕਿਸਮਾਂ ਜੇ 87 (48 ਕਿਲੋ ਬੀਜ ਪ੍ਰਤੀ ਏਕੜ) ਅਤੇ ਟੀ ਜੀ 37 ਏ (32 ਕਿਲੋ ਪ੍ਰਤੀ ਏਕੜ) ਬੀਜੋ। ਮੂੰਗਫਲੀ ਦੀ ਕਿਸਮ ਜੇ 87 ਨੂੰ 30×22.5 ਸੈਂਟੀਮੀਟਰ ਅਤੇ ਟੀ ਜੀ 37ਏ ਨੂੰ 30×15 ਸੈਂਟੀਮੀਟਰ ਦੇ ਫਾਸਲੇ ਉੱਪਰ ਬੀਜੋ।

**ਬਾਗਬਾਨੀ** : ਸਦਾਬਹਾਰ ਫਲਦਾਰ ਬੂਟਿਆਂ ਖਾਸ ਕਰਕੇ ਛੋਟੇ ਬੂਟਿਆਂ ਨੂੰ ਠੰਡ ਤੋਂ ਬਚਾਉਣ ਲਈ ਸ਼ੌਰੇ ਹੌਲੀ-ਹੌਲੀ ਉਤਾਰਨੇ ਸ਼ੁਰੂ ਕਰੋ, ਇਹਨਾਂ ਨੂੰ ਇਕਦਮ ਪੂਰਾ ਨਾ ਉਤਾਰੋ। ਬੂਟਿਆਂ ਨੂੰ ਹਲਕੀਆਂ ਸਿੰਚਾਈਆਂ ਵੀ ਕੀਤੀਆਂ ਜਾ ਸਕਦੀਆਂ ਹਨ। ਤਾਪਮਾਨ ਵਿਚ ਵਾਧਾ ਹੋਣ ਦੇ ਨਾਲ, ਫਲਦਾਰ ਬੂਟਿਆਂ ਖਾਸ ਕਰਕੇ ਆੜੂ ਵਿਚ ਨਵੀਂ ਫੁਟਾਰ ਸ਼ੁਰੂ ਹੋ ਰਹੀ ਹੈ ਇਸ ਲਈ ਇਸ ਫੁਟਾਰੇ ਤੇ ਰਸ ਚੂਸਣ ਵਾਲੇ ਕੀੜਿਆਂ ਦੇ ਹਮਲੇ ਸਬੰਧੀ ਸੁਚੇਤ ਅਤੇ ਬੂਟਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ। ਬੇਰਾਂ ਉਪਰ ਇਸ ਸਮੇਂ ਭਰਵਾਂ ਫਲ ਲੱਗਿਆ ਹੋਇਆ ਹੈ ਇਸ ਲਈ ਇਸ ਮਹੀਨੇ ਇਕ ਸਿੰਚਾਈ ਜ਼ਰੂਰ ਕਰੋ। ਮੌਸਮ ਸਾਫ ਤੇ ਨਿੰਬੂ ਜਾਤੀ, ਆੜੂ ਅਤੇ ਅਲੂਚੇ ਦੇ ਬਾਗਾਂ ਨੂੰ ਹਲਕਾ ਪਾਣੀ ਲਗਾਓ ਅਤੇ ਸਿਫਾਰਿਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਪਾਓ। ਨਿੰਬੂ ਜਾਤੀ ਦੇ ਬੂਟਿਆਂ ਦਾ ਸਿੱਟਰਸ ਸਿੱਲਾ ਕਾਬੂ ਕਰਨ ਲਈ 200 ਮਿਲੀਲਿਟਰ ਕਰੋਕੋਡਾਈਲ / ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ / ਦੋਤਾਰਾ ਜਾਂ 6.25 ਲਿਟਰ ਮੈਕ ਐਚ ਐਮ ਓ ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਫੁੱਲ ਆਉਣ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**ਸਬਜ਼ੀਆਂ** : ਸੁਰੰਗਾਂ ਹੇਠ ਤਿਆਰ ਕੀਤੀਆਂ ਸਬਜ਼ੀਆਂ ਉਪਰੋਂ ਪਲਾਸਟਿਕ ਦੀ ਸ਼ੀਟਾਂ ਨੂੰ ਉਤਾਰ ਦਿਓ। ਮਿਰਚ, ਟਮਾਟਰ, ਬੈਂਗਣ ਅਤੇ ਅਗੇਤੀ ਪਲਾਸਟਿਕ ਦੇ ਲਿਫਾਫਿਆਂ ਵਿਚ ਤਿਆਰ ਕੀਤੀਆਂ ਵੇਲਾਂ ਵਾਲੀਆਂ ਸਬਜ਼ੀਆਂ ਦੀ ਪਨੀਰੀ ਨੂੰ ਖੇਤ ਵਿਚ ਲਗਾ ਦਿਓ। ਇਹ ਸਮਾਂ ਭਿੰਡੀ, ਲੋਬੀਆ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਖਰਬੂਜਾ, ਖੀਰਾ, ਘੀਆ, ਹਲਵਾ ਕੱਦੂ, ਕਾਲੀ ਤੋਰੀ, ਤਰ, ਬੰਗਾ ਆਦਿ ਦੀ ਬੀਜਾਈ ਲਈ ਢੁੱਕਵਾਂ ਹੈ।

**ਪਸ਼ੂ ਪਾਲਣ** : ਡੇਅਰੀ ਪਸ਼ੂਆਂ ਨੂੰ ਹਰੇ, ਪੁੰਗਰੇ ਹੋਏ, ਮਿੱਟੀ ਲੱਗੇ ਜਾਂ ਗਲੇ/ਸੜੇ ਆਲੂ ਨਾ ਪਾਓ ਜੋ ਕਿ ਪਸ਼ੂਆਂ ਲਈ ਘਾਤਕ ਸਿੱਧ ਹੋ ਸਕਦੇ ਹਨ। ਪਸ਼ੂਆਂ ਲਈ ਸਾਫ ਸੁਥਰੇ ਤਾਜ਼ੇ ਪਾਣੀ ਦਾ ਹੋਣਾ ਬਹੁਤ ਮਹੱਤਤਾ ਰੱਖਦਾ ਹੈ। ਸਰੀਰ ਦੇ ਤਾਪਮਾਨ ਨੂੰ ਕਾਇਮ ਰੱਖਣ ਲਈ, ਦੁੱਧ ਪੈਦਾ ਕਰਨ ਲਈ (ਦੁੱਧ ਵਿਚ ਲਗਭਗ 85% ਪਾਣੀ ਹੁੰਦਾ ਹੈ), ਸਰੀਰ ਵਿਚੋਂ ਅਣਪਚੀ ਖੁਰਾਕ ਜਿਵੇਂ ਗੋਹਾ ਅਤੇ ਪਿਸ਼ਾਬ ਆਦਿ ਬਾਹਰ ਕੱਢਣ ਲਈ (ਕਿਉਂਕਿ ਗੋਹੇ ਤੇ ਪਿਸ਼ਾਬ ਵਿਚ ਤਕਰੀਬਨ 85% ਅਤੇ 92% ਕ੍ਰਮਵਾਰ ਪਾਣੀ ਦੀ ਮਾਤਰਾ ਹੁੰਦੀ ਹੈ), ਖੂਨ ਅਤੇ ਹੋਰ ਸਰੀਰਕ ਤਰਲ ਪਦਾਰਥਾਂ ਨੂੰ ਕਾਇਮ ਰੱਖਣ ਲਈ ਪਾਣੀ ਬਹੁਤ ਜ਼ਰੂਰੀ ਹੈ।

# ਸੱਚ ਤੇ ਪਹਿਰਾ ਦੇਣ ਵਾਲਾ ਮੇਰਾ ਭਾਈ ਬਲਜੀਤ ਸਿੰਘ ਸੀ

ਖੁਸ਼ੀ ਤੇ ਗਮੀਂ ਮਨੁੱਖੀ ਜੀਵਨ ਦੇ ਦੋ ਪਹਿਲੂ ਹਨ ਖੁਸ਼ੀ ਜੀਵਨ ਨੂੰ ਨਵੀਂ ਊਰਜਾ ਪ੍ਰਦਾਨ ਕਰਦੀ ਹੈ। ਉਹੀ ਊਰਜਾ ਖੁਸ਼ੀਆਂ ਹਾਸਲ ਕਰਨ ਲਈ ਉਤਸ਼ਾਹ ਕਰਦੀ ਹੈ। ਜ਼ਿੰਦਗੀ ਦੇ ਅਰਥ ਚੱਖਣ ਲਈ ਗਮੀ ਤੇ ਉਦਾਸੀ ਨੂੰ ਸਹਿਜਤਾ ਵਿਚ ਲਿਆਉਣਾ ਜਰੂਰ ਬਣ ਜਾਂਦਾ ਹੈ। ਇਹ ਦੋਨੋਂ ਅਵਸਥਾ ਜੀਵਨ ਵਿਚ ਵਾਪਰਨਾ ਸੁਭਾਵਿਕ ਹੈ ਅਤੇ ਜੀਵਨ ਦਾ ਅੰਤ ਆਉਣਾ ਅਟੱਲ ਸੱਚਾਈ ਹੈ। ਆਉਣਾ ਤੇ ਜਾਣਾ ਜ਼ਿੰਦਗੀ ਦਾ ਇਕ ਜ਼ਰੂਰੀ ਪੈਗਾਮ ਹੈ। ਚੰਗੇ ਸਹਾਈ ਸੁਖਦਾਇਕ ਵੇਲੇ ਦਾ ਵੀ ਇਕ ਵੱਖਰਾ ਰਾਹ ਹੁੰਦਾ ਹੈ। ਸੱਚ ਦਾ ਪਹਿਰੇਦਾਰ ਤੇ ਸਮਾਜ ਦੀ ਸੇਵਾ ਕਰਨੀ ਵੀ ਕਿਸੇ ਦੇ ਹੀ ਹਿੱਸੇ ਆਉਂਦੀ ਹੈ। ਜ਼ਿੰਦਗੀ ਦੁੱਖ ਸੁੱਖ ਦਾ ਇਕ ਇਕੱਠਾ ਜਿਹਾ ਬੰਡੂ ਹੈ। ਖੁਸ਼ੀਆਂ ਦੀ ਮੰਡੀ ਕਿਧਰੇ ਨਹੀਂ ਲਗਦੀ ਹੈ। ਸਿਰਫ ਖੁਸ਼ੀ ਨੂੰ ਆਪਣੇ ਮਨ ਵਿਚੋਂ ਹੀ ਉਜਾਗਰ ਕਰਨਾ ਪੈਂਦਾ ਹੈ। ਸੱਚ ਤੇ ਖੁਸ਼ੀ ਦੇ ਬੀਜ ਬੀਜੇ, ਕਿਸੇ ਨੇ ਕਿਹਾ ਸੀ ਸੱਚ ਨੂੰ ਕੋਈ ਦਿੱਕਤ ਨਹੀਂ ਆਉਂਦੀ।

ਸੱਚ ਕਹੀ ਗੱਲ ਬਨਾਵਟੀਆਂ ਕਹਾਣੀਆਂ ਨੂੰ ਗਾਇਬ ਕਰ ਦੇਂਦੀ ਹੈ। ਸੱਚ ਬੋਲਣ ਤੇ ਜੀਵਨ ਸਾਰਥਕ ਤੇ ਡਰ ਤੋਂ ਰਹਿਤ ਹੁੰਦਾ ਹੈ। ਮੇਰਾ ਭਾਈ ਬਲਜੀਤ ਸਿੰਘ ਹਮੇਸ਼ਾਂ ਸੱਚੀ ਗੱਲ ਤੇ ਅੜ੍ਹਿਆ ਰਹਿੰਦਾ ਸੀ ਤੇ ਸੱਚ ਤੇ ਇਕ ਪਹਿਰੇਦਾਰੀ ਦੇਂਦਾ ਸੀ। ਹਰ ਇਕ ਨੂੰ ਸੱਚੀ ਗੱਲ ਮੂੰਹ ਤੇ ਆਖ ਦਿੰਦਾ ਸੀ। ਆਪਣਾ ਸੱਚ ਪਹਿਰਾ ਦੇਂਦਾ ਸੁੱਥਰਾ ਜੀਵਨ ਬਤੀਤ ਕਰਦਾ ਸਤੰਬਰ 2019 ਦੇ ਵਰ੍ਹੇ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਅੱਜ ਉਸ ਦੀਆਂ ਨਿਰਵੈਰ ਸਚਾਈਆਂ ਸੁੱਚੀਆਂ ਭਾਵਨਾ ਸ਼ੁੱਧ ਵਿਚਾਰਾਂ ਤੇ ਅਗਾਂਹ ਵਧੂ ਦਲੀਲਾਂ ਨੇ ਮੇਰੇ ਮਨ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਦੇ ਅੰਦਰ ਨੂੰ ਟੁੰਬਕੇ ਕਾਗਜ਼ ਦੀ ਹਿੱਕ ਤੇ ਉਲੀਕਣ ਲਈ ਮੇਰੇ ਬੁਝੇ ਦੀਵੇ ਨੂੰ ਜਗਾਇਆ ਤੇ ਸੱਚੀਆਂ ਖੁਸ਼ੀਆਂ ਲੱਭਣੀਆਂ ਪੈਂਦੀਆਂ ਹਨ। ਮੇਰਾ ਭਾਈ ਬਲਜੀਤ ਸਿੰਘ ਮੇਰੇ ਤੋਂ ਤਕਰੀਬਨ 15 ਸਾਲ ਛੋਟਾ ਸੀ ਖੁਸ਼ੀਆਂ ਭਰਿਆ ਚੇਹਰਾ ਸੱਚ ਦਾ ਪੁਜਾਰੀ ਮੇਰਾ ਭਰਾ ਬਲਜੀਤ ਸਿੰਘ ਪਿੰਡ ਵਿਚ ਸੱਚ ਕਰਕੇ ਹਰਮਨ ਪਿਆਰਾ ਸੀ। ਹਰ ਇਕ ਨੂੰ ਮੂੰਹ ਤੇ ਸੱਚੀ ਗੱਲ ਕਰਕੇ ਉਸ ਦੀ ਕਮਜ਼ੋਰੀ ਨੂੰ ਜ਼ਾਹਰ ਕਰਨ ਵਿਚ ਤਾਕਤ ਰੱਖਦਾ ਸੀ। ਕਿਸੇ ਨੂੰ ਗਲਤ ਦਲੀਲ ਦੇਣਾ ਪਾਪ ਸਮਝਦਾ ਸੀ। ਸੱਚੀ ਖੁਸ਼ੀ ਵਿਚ ਸ਼ਿਰਕਤ ਕਰਕੇ ਖੁਸ਼ੀਆਂ ਵਿਚ ਵਾਧਾ ਕਰਨਾ ਆਪਣਾ ਧਰਮ ਸਮਝਦਾ ਸੀ। ਇਹ ਹੀ ਮਨੁੱਖੀ ਧਰਮ ਹੈ। ਰੁੱਸਿਆਂ ਨੂੰ ਮਨਾਉਣ ਵਾਲਾ ਮੇਰਾ ਛੋਟਾ ਭਾਈ ਬਲਜੀਤ ਸਿੰਘ ਨੂੰ ਪ੍ਰਮਾਤਮਾ ਵਲੋਂ ਮਿਲਿਆ ਸੱਚ ਦੀ ਕਲਾ ਕੋਈ ਰੱਬੀ ਦਾਤ ਸੀ ਵੈਸੇ ਤਾਂ ਮਨੁੱਖ ਕੋਲ ਸਰੀਰਕ ਦਾਤ ਅਨਮੁੱਲੀ ਹੈ। ਪਰ ਬੰਦੇ ਵਿਚ ਸੱਚ ਦਾ ਗੁਣ ਇਕ ਬਹੁਮੁੱਲੀ ਅਲੱਗ ਦਾਤ ਹੈ। ਸੱਚ ਬੋਲਣਾ ਸੇਹਤ ਦੀ ਤੰਦਰੁਸਤੀ ਦੀ ਇਕ ਦੁਆਈ ਹੈ। ਮੇਰਾ ਭਾਈ ਸੇਹਤ ਪੱਖੋਂ ਸਿਹਤਮੰਦ ਤੇ ਜਰਵਾਣਾ ਸੀ।

ਸੱਚ ਦੇ ਰਸਤੇ ਚੱਲਣਾ ਉਸਦਾ ਪੱਕਾ ਜੀਵਨ ਆਦਰਸ਼ ਸੀ। ਖੁਸ਼ੀਆਂ ਗਮੀਆਂ ਵਿਚ ਪਿੰਡ ਵਿਚ ਹਰ ਘਰ ਦੁੱਖ ਸੁੱਖ ਸਾਂਝਾ ਕਰਨਾ ਤੇ ਸ਼ਾਮਲ ਹੋਣਾ ਉਸ ਦਾ ਕਿਰਦਾਰ ਸੀ। ਸੱਚ ਤੇ ਪਹਿਰਾ ਦੇਂਦਾ ਮੇਰਾ ਭਾਈ ਖੇਤ ਪਾਣੀ ਲਾਉਣ ਗਿਆ, ਆੜ ਦੀ ਸਫਾਈ ਕਰਨ ਲੱਗ ਗਿਆ ਤੇ ਫੇਰ ਘਰੋਂ ਯੂਰੀਆ ਖਾਦ ਲੈਣ ਲਈ ਸਾਇਕਲ ਨੂੰ ਹੱਥ ਹੀ ਪਾਇਆ ਸੀ ਕਿ ਦਿਲ ਦਾ ਦੌਰਾ ਆ ਗਿਆ, ਉੱਥੇ ਮੋਟਰ ਤੇ ਹੀ ਡਿੱਗ ਪਿਆ ਤੇ ਸਦਾ ਲਈ ਸੱਚ ਦੀ ਰੋਸ਼ਨੀ ਦੇਂਦਾ ਦੀਵਾ ਸਦਾ ਲਈ ਬੁੱਝ ਗਿਆ, ਪਰ ਸ਼ਹਿਰ ਜੀਰੇ ਲੈ ਗਏ ਪਰ ਉਹ ਸਦਾ ਲਈ ਸੰਸਾਰ ਤੋਂ ਚਲਾ ਗਿਆ ਸੀ। ਡਾਕਟਰਾਂ ਨੇ ਉਸ ਸਰੀਰ ਨੂੰ ਮਿਰਤਕ ਘੋਸ਼ਿਤ ਕਰ ਦਿੱਤਾ ਸਾਡੇ ਪਰਵਾਰ ਨੂੰ ਤਾਂ ਨਾਂ ਘਾਟਾ ਪੂਰਾ ਹੋਣਾ ਪੈ ਗਿਆ। ਪਿੰਡ ਝਤਰਾ ਵਿਚ ਉਸਦਾ ਬਹੁਤ ਅਫਸੋਸ ਹੋਇਆ ਪਰ ਕਈ ਪਿੰਡ ਦੇ ਪਤਵੰਤੇ ਸੱਜਣ ਗਿੱਲਾ ਕਰਨੋਂ ਨਾ ਰਹਿ ਸਕੇ, ਗੁਜ਼ਰੇ ਦੁੱਖਾਂ ਦੇ ਪਲ ਮੇਰੀਆਂ ਅੱਖਾਂ ਸਾਹਮਣੇ ਅੱਜ ਵੀ ਬੱਬੂ ਤਾਰੇ ਬਣ ਦਿਖਾਈ ਦੇਂਦੇ ਹਨ। ਭਰਾਵਾਂ ਦੇ ਰਿਸ਼ਤੇ ਹਮੇਸ਼ਾਂ ਖੁਸ਼ਬੂਆਂ ਵੰਡਦੇ ਹਨ। ਸੋ ਦੋਸਤੋ ਜ਼ਿੰਦਗੀ ਵਿਚ ਇਕ ਇਕ ਸੱਚ ਦਾ ਹਸੀਨ ਪਲ ਬਲਜੀਤ ਸਿੰਘ ਵਰਗੇ ਸੱਚ ਬੋਲਣ ਵਾਲਿਆਂ ਤੋਂ ਹਾਸਲ ਹੁੰਦਾ ਹੈ।

## ਕੀ ਖੱਟਿਆ

ਡੰਡੇ ਉੱਪਰ ਝੰਡੇ ਨੂੰ ਲਾਹ ਕੇ ਇਹ ਕੀ ਕੀਤਾ  
ਨਾਹਰੇ ਲਾਉਣੇ ਅਸੀਂ ਤਮਾਸ਼ਾ ਬਣਾ ਲਿਆ।  
ਮੁਫਤ ਦਾਰੂ ਪੀ ਪੈਸਾ ਧੇਲਾ ਜੇਬਾਂ ਚ ਪਾ,  
ਵੋਟ ਪਾਉਣ ਦਾ ਗਲਤ ਕਿਰਦਾਰ ਘੜ ਲਿਆ।  
ਨਸ਼ੇ ਪੀ ਬੱਕਰੇ ਖਾ ਬੁੱਧ ਸ਼ੁੱਧ ਗਵਾਈ,  
ਇੱਜਤ ਸਤਿਕਾਰ ਮੁੱਛੋਂ ਮੁਛੋਂ ਗਵਾ ਲਿਆ।  
ਪਾਏ ਪੂਰਨੇ ਸ਼ਹੀਦਾਂ ਦੇ ਅਸੀਂ ਭੁੱਲੇ  
ਸਤਿਕਾਰ ਕਰਨਾ ਹਰ ਇਕ ਦਾ ਭੁੱਲ ਗਿਆ।  
ਕੀ ਖੱਟਿਆ ਸੱਤਰਾਂ ਵਰੇ ਹੋ ਗੁਜ਼ਰੇ  
ਨਵੇਂ ਡੰਡੇ ਤੇ ਆਏ ਸਾਲ ਝੰਡਾ ਲਾ ਲਿਆ  
ਮੁਲਕ ਵਿੱਚੋਂ ਨਾ ਗਈ ਭ੍ਰਿਸ਼ਟਾਚਾਰੀ ਦੀ ਜੜ੍ਹ  
ਮੇਜ ਥੱਲੇ ਦੀ ਰਿਸ਼ਵਤ ਦੇਣਾ ਸਿੱਖ ਲਿਆ।  
ਕਦੋਂ ਆਵੇਗਾ ਸਮਾਂ ਸਾਡੇ ਮੇਚ ਵਾਲਾ,  
ਜਦੋਂ ਲੋਟੂਆਂ ਨੂੰ ਫੜਕੇ ਬੰਨ ਲਿਆ।  
ਜਗਜੀਤ ਸਜਾ ਮਾਅਫ ਹੋਵੇ ਦੋਸ਼ੀਆਂ ਦੀ  
ਪਰ ਜੇਲਾਂ ਵਿਚ ਸਿੰਘਾਂ ਸਰੀਰ ਗਾਲ ਲਿਆ।

★★★★

## ਪਾਣੀ ਕਵਿਤਾ

ਮਨੁੱਖ ਮਗਰੋਂ ਪਹਿਲਾਂ ਪਾਣੀ।  
ਸੱਚ ਜਾਣ ਇਹ ਗੱਲ ਸਿਆਣੀ।  
ਪਾਣੀ ਸਦਕਾ ਜੰਗਲ ਤੇ ਬੇਲੇ  
ਛੋਟੇ ਬੂਟੇ ਰੁੱਖ ਬੰਨਣਗੇ।  
ਬਿਨਾ ਪਾਣੀ ਕੀ ਕਰਨਗੇ।  
ਤਾਂ ਫਿਰ ਬੂਟੇ ਸੜਨਗੇ।  
ਪਾਣੀ ਦੀ ਹਰ ਬੂੰਦ ਬਚਾਣੀ।  
ਦਿਨੋ ਦਿਨ ਥੱਲੇ ਜਾਵੇ ਪਾਣੀ  
ਚਿੰਤਾ ਵਾਲੀ ਬਣੀ ਕਹਾਣੀ  
ਗਲਤ ਵਰਤੋਂ ਨਾਲ ਮੁੱਕੇ ਪਾਣੀ।  
ਆਓ ਸੁਲਝਾਈਏ ਉਲਝੀ ਤਾਣੀ।  
ਜਲ ਹੈ ਅੰਮ੍ਰਿਤ ਕਹਿੰਦੀ ਬਾਣੀ।

**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,**  
**ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028, ਮੋ: 7814490249**

## ਸ਼ੂਗਰ ਦੇ ਰੋਗੀਆਂ ਲਈ ਸਹੀ ਭੋਜਨਾਂ ਦੀ ਚੋਣ

ਕਾਰਬੋਹਾਈਡਰੇਟ (ਕਾਰਬੋਜ਼) ਸਾਡੀ ਰੋਜ਼ਾਨਾ ਖੁਰਾਕ ਦਾ ਇੱਕ ਅਟੁੱਟ ਹਿੱਸਾ ਹਨ, ਪਰ ਸਾਰੇ ਕਾਰਬੋਜ਼ ਇੱਕੋ ਜਿਹੇ ਨਹੀਂ ਹੁੰਦੇ। ਕਾਰਬੋਜ਼ ਵਾਲੇ ਭੋਜਨਾਂ ਖਾਣ ਤੋਂ ਬਾਅਦ ਖੂਨ ਵਿਚ ਸ਼ੂਗਰ ਦੀ ਮਾਤਰਾ ਦੇ ਅਨੁਸਾਰ ਉਹਨਾਂ ਦੇ ਗਲਾਈਸੀਮਿਕ ਇੰਡੈਕਸ (G.I.) ਦਾ ਵਰਗੀਕਰਨ ਕੀਤਾ ਜਾ ਸਕਦਾ ਹੈ। ਜਿਹਨਾਂ ਭੋਜਨਾਂ ਦਾ



ਗਲਾਈਸੀਮਿਕ ਇੰਡੈਕਸ ਘੱਟ ਹੋਵੇ ਤਾਂ ਖੂਨ ਵਿਚ ਸ਼ੂਗਰ ਦੀ ਮਾਤਰਾ ਬਹੁਤ ਹੌਲੀ-ਹੌਲੀ ਵਧਦੀ ਹੈ। ਗਲਾਈਸੀਮਿਕ ਇੰਡੈਕਸ ਦੇ ਆਧਾਰ ਤੇ ਅਸੀਂ ਭੋਜਨਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ ਜਿਵੇਂ ਕਿ :

★ **ਘੱਟ ਗਲਾਈਸੀਮਿਕ ਇੰਡੈਕਸ ਵਾਲੇ ਭੋਜਨ** : ਜਿਹੜੇ ਭੋਜਨ ਦਾ ਗਲਾਈਸੀਮਿਕ ਇੰਡੈਕਸ 1 ਤੋਂ 55 ਹੁੰਦਾ ਹੈ, ਜਿਵੇਂ ਕਿ ਜੌਂ, ਕਣਕ, ਦੁੱਧ, ਦਹੀਂ, ਸਾਬਤ ਮਾਂਹ, ਛੋਲੇ, ਸਾਬਤ ਮੂੰਗੀ, ਮਸਰ ਦੀ ਦਾਲ, ਸੋਇਆਬੀਨ, ਸੇਬ, ਅੰਗੂਰ, ਸੰਤਰਾ, ਨਾਸ਼ਪਾਤੀ, ਸ਼ਕਰਕੰਦੀ, ਹਰੇ ਮਟਰ ਅਤੇ ਗਾਜਰ (ਜੀ. ਆਈ. 12-49), ਜਿਨ੍ਹਾਂ ਨੂੰ ਸ਼ੂਗਰ ਦੇ ਰੋਗੀ ਆਪਣੀ ਰੋਜ਼ਾਨਾ ਖੁਰਾਕ ਵਿਚ ਸ਼ਾਮਿਲ ਕਰ ਸਕਦੇ ਹਨ।

★ **ਦਰਮਿਆਨੇ ਗਲਾਈਸੀਮਿਕ ਇੰਡੈਕਸ ਵਾਲੇ ਭੋਜਨ** : ਜਿਹੜੇ ਭੋਜਨ ਦਾ ਗਲਾਈਸੀਮਿਕ ਇੰਡੈਕਸ 55 ਤੋਂ 70 ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਭੂਰੇ ਚਾਵਲ, ਬਾਜਰਾ, ਕੇਲਾ, ਅੰਬ, ਅਨਾਨਾਸ ਅਤੇ ਚੁਕੰਦਰ ਆਦਿ ਦਰਮਿਆਨੇ ਗਲਾਈਸੀਮਿਕ ਇੰਡੈਕਸ ਵਾਲੇ ਭੋਜਨ ਹਨ ਜਿਨ੍ਹਾਂ ਨੂੰ ਖੁਰਾਕ ਵਿਚ ਸੀਮਤ ਮਾਤਰਾ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।

★ **ਉੱਚ ਗਲਾਈਸੀਮਿਕ ਇੰਡੈਕਸ ਵਾਲੇ ਭੋਜਨ** : ਜਿਹੜੇ ਭੋਜਨ ਦਾ ਗਲਾਈਸੀਮਿਕ ਇੰਡੈਕਸ 70 ਤੋਂ ਜ਼ਿਆਦਾ ਹੁੰਦਾ ਹੈ। ਮੈਦੇ ਦੀ ਬ੍ਰੈਡ, ਚਾਵਲ, ਸ਼ਹਿਦ, ਗੁੜ, ਖੰਡ, ਕੋਲਡ ਡ੍ਰਿੰਕਸ ਆਦਿ ਇਹ ਕੁੱਝ ਜ਼ਿਆਦਾ ਗਲਾਈਸੀਮਿਕ ਇੰਡੈਕਸ ਵਾਲੇ ਭੋਜਨ ਹਨ, ਜਿਨ੍ਹਾਂ ਤੋਂ ਸ਼ੂਗਰ ਰੋਗੀਆਂ ਨੂੰ ਪੂਰੀ ਤਰ੍ਹਾਂ ਪਰਹੇਜ਼ ਕਰਨਾ ਚਾਹੀਦਾ ਹੈ। ਸਾਨੂੰ ਆਪਣੀ ਖੁਰਾਕ ਵਿਚ ਘੱਟ ਅਤੇ ਦਰਮਿਆਨੇ ਗਲਾਈਸੀਮਿਕ ਇੰਡੈਕਸ ਵਾਲੇ ਭੋਜਨਾਂ ਨੂੰ ਜ਼ਿਆਦਾ ਸ਼ਾਮਿਲ ਕਰਨਾ ਚਾਹੀਦਾ ਹੈ। ਜਿਹੜੇ ਭੋਜਨਾਂ ਵਿਚ ਰੇਸ਼ੇ ਦੀ ਮਾਤਰਾ ਵਧੇਰੇ ਹੁੰਦੀ ਹੈ, ਉਨ੍ਹਾਂ ਦਾ ਗਲਾਈਸੀਮਿਕ ਇੰਡੈਕਸ ਆਮ ਤੌਰ ਤੇ ਘੱਟ ਹੁੰਦਾ ਹੈ।

**ਨੀਰਜਾ ਸਿੰਗਲਾ, ਭੋਜਨ ਅਤੇ ਪੋਸ਼ਣ ਵਿਭਾਗ,**  
**ਪੀ. ਏ. ਯੂ., ਲੁਧਿਆਣਾ (ਮੋਬਾਇਲ 95014-88441)**

------ ਬਾਕੀ ਸਫਾ 3 ਦੀ ------

## ਕਿਸਾਨਾਂ ਦੀ ਖੁਸ਼ਹਾਲੀ ਉੱਤੇ ਹੀ ਦੇਸ਼ ਦੀ ਖੁਸ਼ਹਾਲੀ ਨਿਰਭਰ ਕਰਦੀ ਹੈ

ਕੁਝ ਮੁਸ਼ਕਿਲਾਂ ਤਾਂ ਆ ਸਕਦੀਆਂ ਹਨ ਪਰ ਇਹ ਨਾਮੁਮਕਿਨ ਨਹੀਂ ਹੈ। ਸਰਕਾਰ ਦੀ ਸਾਰੀ ਵਸੋਂ ਦਾ ਢਿੱਡ ਭਰਨ ਲਈ ਅਨਾਜ ਦਾ ਬਹੁਤਾ ਹਿੱਸਾ ਤਾਂ ਆਪ ਹੀ ਖਰੀਦਣਾ ਪਵੇਗਾ ਪਰ ਹਰੇਕ ਜਿਣਸ ਦੀ ਸਰਕਾਰੀ ਖਰੀਦ ਜ਼ਰੂਰੀ ਨਹੀਂ ਹੈ। ਸਰਕਾਰ ਰਾਜਾਂ ਦੇ ਮੰਡੀ ਬੋਰਡਾਂ ਰਾਹੀਂ ਇਹ ਨਿਸ਼ਚਤ



ਕਰਵਾਏ ਕਿ ਮੰਡੀ ਵਿਚ ਜਿਣਸ ਦੀ ਬੋਲੀ ਮਿੱਥੇ ਗਏ ਘੱਟੋ ਘੱਟ ਸਮਰਥਨ ਮੁੱਲ ਤੋਂ ਸ਼ੁਰੂ ਕੀਤੀ ਜਾਵੇ। ਇੰਝ ਕਿਸਾਨ ਦੀ ਲੁੱਟ ਨੂੰ ਰੋਕਿਆ ਜਾ ਸਕਦਾ ਹੈ। ਜਿਣਸਾਂ ਦਾ ਮੁੱਲ ਵੀ ਡਾ. ਸਵਾਮੀਨਾਥਨ ਦੀ ਸਿਫਾਰਸ਼ ਅਨੁਸਾਰ ਹੀ ਮਿੱਥਿਆ ਜਾਵੇ ਤਾਂ ਜੋ ਕਿਸਾਨ ਵੀ ਰੱਜਵੀਂ ਰੋਟੀ ਖਾ ਸਕੇ। ਜੇਕਰ ਸਰਕਾਰ ਸਨਅੱਤਕਾਰਾਂ ਦੀ ਇਤਨੀ ਮਾਇਕ ਸਹਾਇਤਾ ਕਰ ਸਕਦੀ ਹੈ ਤਾਂ ਕਿਸਾਨਾਂ ਦੀ ਮਦਦ ਕਿਉਂ ਨਹੀਂ ਕੀਤੀ ਜਾ ਸਕਦੀ ਜਿਹੜਾ ਕਿ ਮਨੁੱਖ ਦੀ ਸਭ ਤੋਂ ਮੁੱਢਲੀ ਲੋੜ ਭੋਜਨ ਪੈਦਾ ਕਰਦਾ ਹੈ। ਚੰਨ ਉੱਤੇ ਜਾਣ ਨਾਲੋਂ ਵੀ ਕਿਸਾਨ ਦੀ ਖੁਸ਼ਹਾਲੀ ਵਧੇਰੇ ਜ਼ਰੂਰੀ ਹੈ।

ਹੁਣ ਪੰਜਾਬ ਬਾਰੇ ਵੀ ਚਰਚਾ ਕਰਨੀ ਬਣਦੀ ਹੈ ਕਿਉਂਕਿ ਪੰਜਾਬ ਹੀ ਦੇਸ਼ ਦੇ ਅੰਨ ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਉਂਦਾ ਹੈ। ਪੰਜਾਬ ਵਿਚ ਕਣਕ, ਚੌਲ, ਕਪਾਹ, ਗੰਨਾ ਅਤੇ ਦੁੱਧ ਪਹਿਲਾਂ ਹੀ ਘੱਟੋ ਘੱਟ ਮਿੱਥੇ ਸਮਰਥਨ ਮੁੱਲ ਉੱਤੇ ਹੀ ਖਰੀਦੇ ਜਾਂਦੇ ਹਨ। ਇਹ ਮੁੱਲ ਮਿੱਥਦੇ ਸਮੇਂ ਵਧ ਰਹੀਆਂ ਕੀਮਤਾਂ ਦਾ ਪੂਰਾ ਧਿਆਨ ਜ਼ਰੂਰ ਰੱਖਿਆ ਜਾਵੇ। ਜਿੱਥੋਂ ਤਕ ਦਾਲਾਂ ਅਤੇ ਤੇਲ ਬੀਜਾਂ ਦਾ ਸੰਬੰਧ ਹੈ ਇਸ ਸਮੇਂ ਸੂਬੇ ਵਿਚ 6500 ਟਨ ਦਾਲਾਂ ਅਤੇ 74000 ਟਨ ਤੇਲ ਬੀਜ ਪੈਦਾ ਹੁੰਦਾ ਹੈ। ਇਨ੍ਹਾਂ ਦੀ ਕੀਮਤ ਘੱਟ ਹੋਣ ਤੋਂ ਰੋਕਣ ਵਿਚ ਕੇਂਦਰੀ ਸਰਕਾਰ ਦੀ ਸਹਾਇਤਾ ਨਾਲ ਰਾਜ ਸਰਕਾਰ ਵਧੀਆ ਭੂਮਿਕਾ ਨਿਭਾ ਸਕਦੀ ਹੈ। ਜੇਕਰ ਪੰਜਾਬ ਦੇ ਅਦਾਰੇ ਅਸਾਮ ਤੋਂ ਚਾਹ ਪੱਤੀ ਖਰੀਦ ਦੇ ਵੇਚ ਸਕਦੇ ਹਨ ਤਾਂ ਆਪਣੇ ਸੂਬੇ ਦੀਆਂ ਦਾਲਾਂ ਅਤੇ ਤੇਲ ਬੀਜਾਂ ਦਾ ਤੇਲ ਕਿਉਂ ਨਹੀਂ ਵੇਚ ਸਕਦੇ। ਮੱਕੀ ਅਤੇ ਬਾਜਰੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਜਿੱਥੇ ਵਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕਰਨ ਦੀ ਲੋੜ ਹੈ ਉੱਥੇ ਇਨ੍ਹਾਂ ਦੀ ਸਨਅੱਤੀ ਵਰਤੋਂ ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ। ਇਹ ਪੈਦਾਵਾਰ ਇਤਨੀ ਵੱਧ ਨਹੀਂ ਹੈ ਕਿ ਇਸ ਦੇ ਖਰੀਦ ਮੁੱਲ ਨੂੰ ਸਥਿਰ ਨਾ ਰੱਖਿਆ ਜਾ ਸਕੇ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਖੇਤੀ ਆਧਾਰਿਤ ਸਨਅੱਤਾਂ ਨੂੰ ਉਤਸਾਹਿਤ ਕਰੇ। ਇਸ ਨਾਲ ਕਿਸਾਨ ਨੂੰ ਉਪਜ ਦਾ ਮੁੱਲ ਵੀ ਪੂਰਾ ਮਿਲ ਸਕੇਗਾ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਵਸੀਲੇ ਵੀ ਪੈਦਾ ਹੋਣਗੇ। ਸਨਅੱਤੀ ਵਿਕਾਸ ਲਈ ਵੀ ਖੇਤੀ ਵਿਕਾਸ ਜ਼ਰੂਰੀ ਹੈ ਕਿਉਂਕਿ ਜੇਕਰ ਪਿੰਡਾਂ ਦੇ ਲੋਕਾਂ ਦੀ ਖਰੀਦ ਸ਼ਕਤੀ ਵਿਚ ਵਾਧਾ ਹੋਵੇਗਾ ਉਹ ਤਾਂ ਹੀ ਸਨਅੱਤੀ ਵਸਤਾਂ ਦੀ ਖਰੀਦਦਾਰੀ ਕਰ ਸਕਣਗੇ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਮੁਫਤ ਦੀਆਂ ਰਿਉੜੀਆਂ ਵੰਡਣ ਨਾਲ ਵੋਟਾਂ ਤਾ ਪ੍ਰਾਪਤ ਹੋ ਸਕਦੀਆਂ ਪਰ ਭਾਰਤ ਵਿਕਸਤ ਦੇਸ਼ ਉਦੋਂ ਹੀ ਬਣੇਗਾ ਜਦੋਂ ਇੱਥੋਂ ਦਾ ਕਿਸਾਨ ਖੁਸ਼ਹਾਲ ਹੋਵੇਗਾ ਅਤੇ ਪਿੰਡਾਂ ਦਾ ਵਿਕਾਸ ਹੋਵੇਗਾ।

"ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਕਾਰਨ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਕੀਮਤ (ਐੱਮ ਐੱਸ ਪੀ) 'ਤੇ ਫਸਲ ਵੇਚਣ ਦਾ ਅਧਿਕਾਰ ਮੁਹੱਈਆ ਕਰਨ ਵਾਲੇ ਕਾਨੂੰਨ ਦੀ ਮੰਗ ਹੈ ਜਿਸ ਦਾ ਸੁਝਾਅ ਸੀਏਸੀਪੀ ਨੇ ਖੁਦ ਆਪਣੀ ਕੀਮਤ ਨੀਤੀ ਰਿਪੋਰਟ 2018-19 ਵਿੱਚ ਦਿੱਤਾ ਸੀ । ਕਿਸਾਨ ਆਪਣੀ ਪੈਦਾਵਾਰ ਲਈ ਉਸੇ ਕਾਨੂੰਨੀ ਅਧਿਕਾਰ ਦੀ ਮੰਗ ਕਰ ਰਹੇ ਹਨ ਜੋ ਇਨ੍ਹਾਂ ਦੀ ਪੈਦਾਵਾਰ ਨੂੰ ਮੰਡੀ ਦੇ ਮੰਗ ਅਤੇ ਪੂਰਤੀ (ਡਿਮਾਂਡ ਤੇ ਸਪਲਾਈ) ਦਬਾਅ ਦੇ ਵਿਰੁੱਧ ਤਾਕਤ ਦੇਵੇ ਕਿਉਂਕਿ ਬਾਜ਼ਾਰ ਨੂੰ ਵਪਾਰੀ ਅਤੇ ਕਾਰਪੋਰੇਟ ਆਪਣੀ ਮਰਜ਼ੀ ਮੁਤਾਬਿਕ ਪ੍ਰਭਾਵਿਤ ਕਰ ਸਕਦੇ ਹਨ; ਇਹ ਚਿੰਤਾ ਸੀਏਸੀਪੀ ਨੇ ਵੀ ਆਪਣੀ 2018-19 ਦੀ ਰਿਪੋਰਟ ਵਿੱਚ ਸਾਂਝੀ ਕੀਤੀ ਹੈ ।"



# ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਲਾਜ਼ਮੀ ਕਿਉਂ?

ਪ੍ਰੋ. ਸੁਖਦੇਵ ਸਿੰਘ, ਸਾਬਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ । ਮੋ. 94642-25655

ਜੌਹਨ ਐਫ ਕੈਨੇਡੀ ਦੇ ਕਥਨ ਅਨੁਸਾਰ ਮੌਜੂਦਾ ਅਰਥਵਿਵਸਥਾ ਵਿੱਚ 'ਕਿਸਾਨ ਹੀ ਅਜਿਹਾ ਆਦਮੀ ਹੈ ਹੋ ਹਰ ਚੀਜ਼ ਖਰੀਦਦਾ ਪ੍ਰਚੂਨ ਵਿੱਚ ਹੈ ਪਰ ਵੇਚਦਾ ਥੋਕ ਵਿੱਚ ਹੈ, ਤੇ ਦੋਵੇਂ ਤਰ੍ਹਾਂ ਕਰ ਭੁਗਤਾਨ ਕਰਦਾ ਹੈ ।'

ਖੇਤੀਬਾੜੀ ਸਾਰੇ ਮਨੁੱਖੀ ਸੱਭਿਆਚਾਰਾਂ ਅਤੇ ਮਨੁੱਖ ਦੁਆਰਾ ਬਣਾਏ ਉਤਪਾਦਨ ਦੇ ਸਾਰੇ ਢੰਗਾਂ ਦੀ ਮਾਂ ਹੈ । ਖੇਤੀਬਾੜੀ ਉਤਪਾਦਨ ਅਤੇ ਇਸ ਦੀ ਖਪਤ ਮੁੱਖ ਤੌਰ 'ਤੇ ਮਨੁੱਖੀ ਹੋਂਦ, ਸਿਹਤ ਅਤੇ ਕਲਿਆਣ ਦੇ ਮੁੱਲਾਂ ਦੁਆਰਾ ਸੇਧਿਤ ਹੁੰਦੇ ਹਨ; ਦੂਜੇ ਬੰਨੇ, ਆਧੁਨਿਕ ਮੰਡੀ ਅਰਥਵਿਵਸਥਾ ਕਿਸਾਨ ਅਤੇ ਖੇਤੀ ਪੈਦਾਵਾਰ ਉੱਤੇ ਮੁਨਾਫੇ ਦੀਆਂ ਕਦਰਾਂ-ਕੀਮਤਾਂ ਭਾਰੂ ਕਰਦੀ ਹੈ । ਖੇਤੀਬਾੜੀ ਬਹੁਤ ਸਾਰੇ ਕਿਸਾਨਾਂ ਲਈ ਨਾ ਸਿਰਫ ਆਮਦਨ ਅਤੇ ਰੋਜ਼ੀ-ਰੋਟੀ ਦਾ ਸਾਧਨ ਹੈ ਸਗੋਂ ਜੀਵਨ ਜਾਚ ਅਤੇ ਪਛਾਣ ਦਾ ਸੂਚਕ ਵੀ ਹੈ । ਖੇਤੀਬਾੜੀ ਸਮਾਜ ਲਈ ਭੋਜਨ ਸੁਰੱਖਿਆ, ਪੇਂਡੂ ਵਿਕਾਸ, ਸੱਭਿਆਚਾਰਕ ਵਿਰਾਸਤ ਅਤੇ ਲੈਂਡਸਕੇਪ ਦੀ ਸੰਭਾਲ ਲਈ ਮਨੁੱਖ ਦਾ ਕੁਦਰਤ ਨਾਲ ਸੰਵਾਦ ਹੈ । ਉੱਤਰ-ਉਦਯੋਗਿਕ ਮੰਡੀ ਵਿਵਸਥਾ ਖੇਤੀ ਦੇ ਆਰਥਿਕ ਅਤੇ ਸਮਾਜਿਕ ਉਦੇਸ਼ਾਂ ਵਿਚਕਾਰ ਟਕਰਾਅ ਪੈਦਾ ਕਰਦੀ ਹੈ ਜਿਸ ਕਰ ਕੇ ਇਸ ਨੂੰ ਕਾਨੂੰਨੀ ਸੁਰੱਖਿਆ ਦੀ ਜ਼ਰੂਰਤ ਹੈ । ਸਮਾਜ ਲਈ 'ਭੋਜਨ ਸੁਰੱਖਿਆ' ਅਤੇ ਕਿਸਾਨਾਂ ਦੀ ਆਪਣੀ ਰੋਜ਼ੀ-ਰੋਟੀ ਸੁਰੱਖਿਆ' ਦੇ ਉਦੇਸ਼, ਭਾਰਤੀ ਕਿਸਾਨਾਂ ਦੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ ਲਈ ਅੰਦੋਲਨ ਨੂੰ ਜਾਇਜ਼ ਠਹਿਰਾਉਂਦੇ ਹਨ ।

ਭਾਰਤ ਵਿਚ ਭੋਜਨ ਦੀ ਘਾਟ ਪੂਰੀ ਕਰਨ ਲਈ ਕਿਸਾਨਾਂ ਨੂੰ ਅਨਾਜ ਦੀ ਪੈਦਾਵਾਰ ਵਧਾਉਣ ਵੱਲ ਹੱਲਾਸ਼ੇਰੀ ਦੇਣ ਲਈ 1966 ਵਿਚ ਭਾਰਤ ਸਰਕਾਰ ਨੇ ਕਣਕ ਅਤੇ ਚੌਲਾਂ ਦੀਆਂ ਦੋ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਪ੍ਰਣਾਲੀ ਸ਼ੁਰੂ ਕੀਤੀ । ਇਸ ਨਾਲ ਅਨਾਜ ਵਿਚ ਤਾਂ ਆਤਮ-ਨਿਰਭਰਤਾ ਹੋ ਗਈ ਪਰ ਇਸ ਨੇ ਫਸਲੀ ਵੰਨ-ਸੁਵੰਨਤਾ ਦਾ ਸੰਤੁਲਨ ਵਿਗਾੜ ਦਿੱਤਾ ਹੈ । ਖੇਤੀਬਾੜੀ ਨੂੰ ਧਨਾਢ ਇਜਾਰੇਦਾਰੀ ਤੋਂ ਬਚਾਉਂਦੇ ਹੋਏ ਇਸ ਵਿਚ ਦਰੁਸਤੀ ਲਈ ਕਣਕ ਅਤੇ ਚੌਲਾਂ ਤੋਂ ਇਲਾਵਾ ਹੋਰ ਫਸਲਾਂ ਦੇ ਵੀ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਅਤੇ ਇਸ ਨੂੰ ਕਾਨੂੰਨੀ ਬਣਾਉਣ ਦੀ ਬਜਾਇ ਧਨਾਢ ਵਪਾਰੀ ਅਤੇ ਸੰਸਾਰ ਵਪਾਰ ਸੰਗਠਨ ਦੇ ਅਸਰ ਹੇਠ ਭਾਰਤ ਸਰਕਾਰ ਖੇਤੀਬਾੜੀ ਨੂੰ ਉਦਯੋਗ ਮੰਨਦੇ ਹੋਏ ਖੁੱਲ੍ਹੀ ਹਵਾਲੇ ਛੱਡਣ ਦੀ ਤਜਵੀਜ਼ ਰੱਖਦੀ ਹੈ; ਦੂਜੇ ਪਾਸੇ ਭਾਰਤੀ ਕਿਸਾਨ ਖੇਤੀ ਦੇ ਉਦਯੋਗਿਕ-ਵਪਾਰਕ ਪੱਖ ਨਾਲੋਂ ਇਸ ਦੇ ਸਮਾਜਿਕ ਪੱਖ ਨੂੰ ਅਹਿਮ ਮੰਨਦੇ ਹੋਏ ਇਸ ਦੀ ਸੁਰੱਖਿਆ ਲਈ ਅੰਦੋਲਨ ਕਰ ਰਹੇ ਹਨ । ਵਰਨਣਯੋਗ ਹੈ ਕਿ ਨਾ ਸਿਰਫ 1.42 ਅਰਬ ਤੋਂ ਵੱਧ ਭਾਰਤੀ ਆਬਾਦੀ ਲਈ ਭੋਜਨ ਸੁਰੱਖਿਆ ਸਗੋਂ ਇਸ ਦੇ 58 ਫੀਸਦੀ ਹਿੱਸੇ ਦੀ ਜੀਵਕਾ ਖੇਤੀਬਾੜੀ ਉੱਤੇ ਨਿਰਭਰ ਹੈ ।

ਭਾਰਤ ਵਿਚ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਹੌਲੀ ਹੌਲੀ ਵਿਕਸਤ ਹੋਈ ਹੈ ਜਿਸ ਲਈ ਅਜੇ ਵੀ ਸੁਧਾਰ ਅਤੇ ਜ਼ਿਆਦਾ ਸਮਰਥਨ ਦੀ ਲੋੜ ਹੈ । ਵਰਤਮਾਨ ਵਿਚ ਭਾਰਤ ਸਰਕਾਰ ਦੁਆਰਾ ਗਠਿਤ ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀਏਸੀਪੀ) 23 ਫਸਲਾਂ ਲਈ ਬੀਜਾਂ, ਖਾਦਾਂ, ਕੀਟਨਾਸ਼ਕਾਂ, ਮਨੁੱਖੀ ਮਜ਼ਦੂਰੀ, ਮਸ਼ੀਨੀ ਭਾੜੇ, ਠੇਕੇ 'ਤੇ ਜ਼ਮੀਨ ਦੇ ਕਿਰਾਏ ਆਦਿ ਸਬੰਧੀ ਨਕਦ ਅਦਾ ਕੀਤੇ ਖਰਚਿਆਂ (ਏ2) ਵਿੱਚ ਬਿਨਾਂ ਅਦਾਇਗੀ ਕੀਤੇ ਪਰਿਵਾਰਕ ਮਜ਼ਦੂਰੀ ਖਰਚੇ (ਐਫ ਐਲ) ਜੋੜ ਕੇ ਕੁੱਲ ਰਕਮ ਦਾ 1.5 (ਡੇਢ ਗੁਣਾ) ਰਕਮ ਨੂੰ ਘੱਟੋ-ਘੱਟ ਸਮਰਥਨ ਕੀਮਤ ਵਜੋਂ ਸਿਫਾਰਸ਼ ਕਰਦਾ ਹੈ । ਇਸ ਉਪਰੰਤ, ਉਤਪਾਦਨ ਲਾਗਤਾਂ, ਕਿਸਾਨਾਂ ਲਈ ਵਾਜਿਬ ਮਿਹਨਤਾਨਾ ਅਤੇ ਖਪਤਕਾਰਾਂ ਦੀ ਸਮਰੱਥਾ ਅਤੇ ਬਾਜ਼ਾਰ ਦੀਆਂ ਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ, ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀਏਸੀਪੀ) ਦੀ ਸਿਫਾਰਸ਼ ਨੂੰ ਭਾਰਤ ਦੀ ਸੰਸਦ ਦੁਆਰਾ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਵਿਚਾਰ ਉਪਰੰਤ ਪ੍ਰਵਾਨਗੀ ਦਿੱਤੀ ਜਾਂਦੀ ਹੈ । ਇਸ ਤਰ੍ਹਾਂ ਨਿਰਧਾਰਿਤ ਘੱਟੋ-ਘੱਟ ਸਮਰਥਨ ਕੀਮਤ ਤੈਅ ਕਰਦੇ ਹੋਏ ਸੀਏਸੀਪੀ ਮਾਲਕੀ ਵਾਲੀ ਜ਼ਮੀਨ ਦੇ ਕਿਰਾਏ ਅਤੇ ਸੰਦਾਂ ਦੀ ਘਸਾਈ ਕਾਰਨ ਘਟਦੀ ਕੀਮਤ ਨੂੰ ਨਹੀਂ ਜੋੜਦਾ ਜਿਸ ਦੀ ਪ੍ਰਦਰਸ਼ਨਕਾਰੀ ਕਿਸਾਨ ਮੰਗ ਕਰ ਰਹੇ ਹਨ ।



ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਕਾਰਨ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਕੀਮਤ (ਐੱਮ ਐੱਸ ਪੀ) 'ਤੇ ਫਸਲ ਵੇਚਣ ਦਾ ਅਧਿਕਾਰ ਮੁਹੱਈਆ ਕਰਨ ਵਾਲੇ ਕਾਨੂੰਨ ਦੀ ਮੰਗ ਹੈ ਜਿਸ ਦਾ ਸੁਝਾਅ ਸੀਏਸੀਪੀ ਨੇ ਖੁਦ ਆਪਣੀ ਕੀਮਤ ਨੀਤੀ ਰਿਪੋਰਟ 2018-19 ਵਿਚ ਦਿੱਤਾ ਸੀ । ਕਿਸਾਨ ਆਪਣੀ ਪੈਦਾਵਾਰ ਲਈ ਉਸੇ ਕਾਨੂੰਨੀ ਅਧਿਕਾਰ ਦੀ ਮੰਗ ਕਰ ਰਹੇ ਹਨ ਜੋ ਇਨ੍ਹਾਂ ਦੀ ਪੈਦਾਵਾਰ ਨੂੰ ਮੰਡੀ ਦੇ ਮੰਗ ਅਤੇ ਪੂਰਤੀ (ਡਿਮਾਂਡ ਤੇ ਸਪਲਾਈ) ਦਬਾਅ ਦੇ ਵਿਰੁੱਧ ਤਾਕਤ ਦੇਵੇ ਕਿਉਂਕਿ ਬਾਜ਼ਾਰ ਨੂੰ ਵਪਾਰੀ ਅਤੇ ਕਾਰਪੋਰੇਟ ਆਪਣੀ ਮਰਜ਼ੀ ਮੁਤਾਬਿਕ ਪ੍ਰਭਾਵਿਤ ਕਰ ਸਕਦੇ ਹਨ; ਇਹ ਚਿੰਤਾ ਸੀਏਸੀਪੀ ਨੇ ਵੀ ਆਪਣੀ 2018-19 ਦੀ ਰਿਪੋਰਟ ਵਿੱਚ ਸਾਂਝੀ ਕੀਤੀ ਹੈ ।

ਫਸਲ ਉਤਪਾਦਨ ਨੂੰ ਉਦਯੋਗਿਕ ਉਤਪਾਦਨ ਵਾਂਗ ਮੰਡੀ ਮੁਤਾਬਿਕ ਅਸਾਨੀ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ; ਫਸਲੀ ਚੱਕਰ ਅਤੇ ਵਕਤ ਨੂੰ ਬਦਲਣਾ ਇੰਨਾਂ ਆਸਾਨ ਨਹੀਂ ਹੁੰਦਾ । ਫਸਲ ਇਕ ਵਾਰ ਬੀਜੀ ਗਈ ਤਾਂ ਇਸ ਦੀ ਪੱਕਣ ਪਰਕਿਰਿਆ ਨੂੰ ਟਾਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਨੂੰ ਰੁਕ ਰੁਕ ਕੇ ਪਕਾਇਆ ਜਾ ਸਕਦਾ ਅਤੇ ਨਾ ਹੀ ਇਸ ਨੂੰ ਰੁਕ ਰੁਕ ਕੇ ਪਕਾਇਆ ਦਾ ਸਕਦਾ ਹੈ ; ਇਸ ਦਾ ਸਮਾਂ ਤੈਅ ਹੈ । ਖੇਤੀਬਾੜੀ ਉਪਜ ਆਪਣੀ ਜੈਵਿਕ ਪ੍ਰਕਿਰਤੀ ਕਾਰਨ ਇੱਕ ਪਾਸੇ ਤਾਂ ਅਣਅਨੁਮਾਨਿਤ ਬੇਕਾਬੂ ਮੌਸਮੀ ਹਾਲਾਤ, ਸੁੰਡੀਆਂ ਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੀ ਹੈ ; ਦੂਜੇ ਪਾਸੇ ਇਕ ਦੀ 'ਇੱਕੋ ਵਾਰ ਇਕੱਠੀ' ਉਪਜ ਇਸ ਨੂੰ ਮੰਡੀ ਦੇ ਖਿਡਾਰੀਆਂ ਸਾਹਮਣੇ ਕਮਜ਼ੋਰ ਬਣਾਉਂਦੀ ਹੈ । ਮੰਡੀ ਦਾ ਨਕਾਰਾਤਮਕ ਅਤੇ ਵਿਧੀਵਤ ਅਸਰ ਰੋਕਣ ਲਈ ਘੱਟੋ-ਘੱਟ ਸਮਰਥਨ ਕੀਮਤ ਦੀ ਕਾਨੂੰਨੀ ਗਾਰੰਟੀ ਜ਼ਰੂਰੀ ਹੈ ।

ਕਾਰਪੋਰੇਟ ਦੇ ਉਲਟ, ਛੋਟੇ ਕਿਸਾਨ ਨਾ ਤਾਂ ਫਸਲ ਸਟੋਰ ਕਰ ਕੇ ਥੋੜ੍ਹੀ ਥੋੜ੍ਹੀ ਮਾਤਰਾ ਵਿਚ ਵੇਚ ਸਕਦੇ ਹਨ ਅਤੇ ਨਾ ਹੀ ਇਸ ਤੇ ਗੁਣ ਬਦਲ ਕੇ ਇਸ ਨਵੇਂ ਰੂਪ ਵਿੱਚ ਵੇਚ ਸਕਦੇ ਹਨ । ਉਨ੍ਹਾਂ ਨੂੰ ਤੁਰੰਤ ਸਾਰੀ ਪੈਦਾਵਾਰ ਵੇਚਣੀ ਪੈਂਦੀ ਹੈ । ਇਸ ਲਈ ਕਿਸਾਨਾਂ ਵੱਲੋਂ ਸਰਕਾਰ ਦੁਆਰਾ ਐਲਾਨੀ ਘੱਟੋ-ਘੱਟ ਸਮਰਥਨ ਕੀਮਤ ਦੀ ਕਾਨੂੰਨੀ ਗਾਰੰਟੀ ਦੀ ਉਮੀਦ ਕਰਨੀ ਜਾਇਜ਼ ਹੈ ।

ਇਹ ਜ਼ਿਕਰਯੋਗ ਹੈ ਕਿ ਘੱਟੋ-ਘੱਟ ਸਮਰਥਨ ਕੀਮਤ ਦੀ ਕਾਨੂੰਨੀ ਗਾਰੰਟੀ ਨਹੀਂ ਸਗੋਂ ਇਹ ਹੈ ਕਿ ਕੋਈ ਵੀ ਇਸ ਨੂੰ ਐਲਾਨੀ ਘੱਟੋ-ਘੱਟ ਕੀਮਤ ਜਾਂ ਇਸ ਤੋਂ ਵੱਧ ਮੁੱਲ 'ਤੇ ਹੀ ਖਰੀਦੇ । ਕਾਨੂੰਨੀ ਗਾਰੰਟੀ ਦੀ ਅਣਹੋਂਦ ਵਿੱਚ ਵਪਾਰੀ ਖੇਤੀ ਉਪਜ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਮੁੱਲ 'ਤੇ ਖਰੀਦਦੇ ਹਨ; ਫਿਰ ਵੀ ਉਹ ਖਪਤਕਾਰਾਂ ਨੂੰ ਲਾਭ ਪਹੁੰਚਾਏ ਬਿਨਾਂ ਇਸ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਕਿਤੇ ਵੱਧ ਮੁੱਲ 'ਤੇ ਵੇਚਦੇ ਹਨ । ਅਸਲ ਵਿਚ ਖੇਤੀ ਪੈਦਾਵਾਰ ਮਨੁੱਖ ਦੇ ਤੰਦਰੁਸਤ ਜੀਵਨ ਲਈ ਮੁੱਖ ਲੋੜ ਹੈ ਅਤੇ ਇਹ ਕਦੇ ਵੀ ਵਾਧੂ ਨਹੀਂ ਹੁੰਦੀ, ਇਹ ਸਿਰਫ ਕਿਸਾਨ ਦੀਆਂ ਹੋਰ ਲੋੜਾਂ ਦੀ ਪੂਰਤੀ ਅਤੇ ਉਸ ਕੋਲ ਪੈਦਾਵਾਰ ਨੂੰ ਇੰਨੀ ਮਿਕਦਾਰ ਵਿਚ ਸਟੋਰ ਨਾ ਕਰ ਸਕਣ ਦੀ ਸਮਰੱਥਾ ਕਰ ਕੇ ਵਾਧੂ ਹੋਣ ਦਾ ਪ੍ਰਭਾਵ ਦਿੰਦੀ ਹੈ ਜਿਸ ਦਾ ਫਾਇਦਾ ਵਪਾਰੀ ਲੈਂਦਾ ਹੈ । ਇਸ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਹੋਣੀ ਲਾਜ਼ਮੀ ਹੈ । ਜੇ ਕਿਸੇ ਬੇਕਾਬੂ ਹਾਲਾਤ ਵਿਚ ਕਿਸਾਨ ਦੀ ਫਸਲ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤਾਂ 'ਤੇ ਵਿਕੇ ਤਾਂ ਪਾੜੇ ਦੀ ਭਰਪਾਈ ਸਰਕਾਰੀ ਸਰਕਾਰ ਕਰੇ ।

ਸਾਰੇ ਰਾਜਾਂ ਵਿੱਚ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ 'ਜੈਵਿਕ ਖੇਤੀ ਅਤੇ ਫਸਲ ਵੰਨ-ਸੁਵੰਨਤਾ' ਲਈ ਸਾਧਨ ਵਜੋਂ ਕੰਮ ਕਰ ਸਕਦੀ ਹੈ ਕਿਉਂਕਿ ਕਿਸਾਨਾਂ ਨੂੰ ਕੀਮਤਾਂ ਦੇ ਵਿਧੀਵਤ ਢੰਗ ਨਾਲ ਡਿੱਗਣ ਦੀ ਅਸੁਰੱਖਿਆ ਨਹੀਂ ਹੋਵੇਗੀ । ਖੇਤੀਬਾੜੀ ਉਪਜ ਜੀਵਨ ਲਈ ਹੈ; ਹੋਰ ਸਾਰੇ ਉਦਯੋਗਿਕ ਜਾਂ ਸੇਵਾ ਉਤਪਾਦ ਵਾਧੂ ਆਰਾਮ ਲਈ ਹਨ । ਜੇ ਇਸ ਨੂੰ ਮੰਡੀ ਦੇ 'ਮੰਗ ਅਤੇ ਪੂਰਤੀ' ਸਿਧਾਂਤ ਆਸਰੇ ਛੱਡ ਦਿੱਤਾ ਜਾਂਦਾ ਹੈ ਤਾਂ ਇਹ ਭੋਜਨ ਦੀ ਅਸੁਰੱਖਿਆ ਦਾ ਕਾਰਨ ਬਣ ਸਕਦਾ ਹੈ ਅਤੇ ਖੇਤੀਬਾੜੀ ਵਿਚ ਮੌਜੂਦ ਸਮਾਜਿਕ ਕਦਰਾਂ-ਕੀਮਤਾਂ ਨਾਲ ਸਮਝੌਤਾ ਹੋ ਸਕਦਾ ਹੈ । ਖੇਤੀ ਨੂੰ ਖੁੱਲ੍ਹੀ ਮੰਡੀ ਹਵਾਲੇ ਕਰਨਾ ਨਾ ਤਾਂ ਫਾਇਦੇਮੰਦ ਹੈ ਅਤੇ ਨਾ ਹੀ ਦੇਸ਼ ਪੱਖੀ; ਇਹ ਸਿਰਫ ਕਾਰਪੋਰੇਟ ਪੱਖੀ ਹੈ ।

## ਪੰਜਾਬ ਦੇ ਪਿੰਡਾਂ ’ਚ ਕੋਆਪਰੇਟਿਵ ਸੁਸਾਇਟੀ ਅਧੀਨ ਕਮਰਸ਼ੀਅ

# ਪਿੰਡਾਂ ’ਚ ਦੇਸੀ ਰੂੜੀ ਤੇ ਰੋਜ਼ਗਾਰ ਪ੍ਰਬੰਧਾਂ ਨਾਲ ਮਿੱਟੀ ਉਪਜਾਊ



**ਕਮਲਇੰਦਰਜੀਤ ਸਿੰਘ ਬਾਜਵਾ**
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
(ਮੋ. 98150-82401)

ਕਿਸਾਨ ਵੀਰੋ ਹੈਡਿੰਗ ਪੜ੍ਹਦਿਆਂ ਸਾਨੂੰ ਇਹ ਅਚੰਭਾ ਜ਼ਰੂਰ ਹੋਵੇਗਾ ਕਿ ਰਸਾਇਣਿਕ/ਕੈਮੀਕਲ ਖਾਦਾਂ ਜ਼ਰੂਰ ਪਿਛਲੇ 4 ਦਹਾਕਿਆਂ ਤੋਂ ਵੱਧ ਝਾੜ ਲੈਣ ਦੇ ਲਾਲਚ ਲਈ ਖੇਤ ਨੂੰ ਬਣਾਉਟੀ ਤੌਰ ਤੇ ਉਸਦੀ ਉਪਜਾਊਤਾ ਵਧਾਉਣ ਤੇ ਫਸਲ ਵਾਧੇ ਨੂੰ ਦੇ ਕੇ ਸਮਰੱਥ ਬਣਾਇਆ ਜਾਂਦਾ ਹੈ। ਜਦਕਿ ਸਾਡੇ ਕੋਲ ਪਸ਼ੂ ਖਾਦ ਦੇਸੀ ਰੂੜੀ ਤਕਰੀਬਨ ਪਸ਼ੂ ਪਿੰਡਾਂ ਵਿਚ ਘੱਟਣ ਦੇ ਨਾਲ ਮਿੱਟੀ ਵਿਚ ਪੈਣ ਦਾ ਦੌਰ ਵੀ ਘਟਿਆ ਹੈ। ਜਿੱਥੇ ਏਹੀ ਦੁਖਾਂਤ ਸਾਡੇ ਨੌਜਵਾਨ ਵੱਡੀ ਗਿਣਤੀ ਵਿਚ ਵਿਦੇਸ਼ਾਂ ਨੂੰ ਦੌੜ ਰਹੇ ਹਨ ਉੱਥੇ ਇੱਕ ਦੋ ਪਸ਼ੂਆਂ ਦੇ ਉਤਪਾਦਨ



ਤੇ ਵੀ ਤਕਰੀਬਨ ਰੋਕ ਲੱਗ ਗਈ ਹੈ। ਬਣਾਉਟੀ ਖਾਦਾਂ/ਰਸਾਇਣਕ ਖਾਦਾਂ ਤੋਂ ਦੂਰ ਸਾਡੇ ਵੱਡੇ ਵਡੇਰਿਆਂ ਦੇ ਸਮੇਂ ਸ਼ੁੱਧ ਤੇ ਤੰਦਰੁਸਤ ਸੰਤੁਲਨ ਭੋਜਨ ਪਦਾਰਥਾਂ ਦੀ ਸਿਹਤਮੰਦ ਸਮਾਜ ਲਈ ਅਜਿਹੇ ਪਹਿਲੂਆਂ ਨੂੰ ਪਹਿਲ ਦਿੱਤੀ ਜਾਂਦੀ ਸੀ, ਜੋ ਅੱਜ ਭੱਜ ਦੌੜ ਵਾਲੇ ਵਿਗਿਆਨਕ ਯੁੱਗ ਦੇ ਸਮੇਂ ਵਿੱਚ ਬਿਲਕੁਲ ਨਹੀਂ ਹੈ। ਤਵੱਜੋ ! ਦੇਸੀ ਪਸ਼ੂਆਂ ਦੀ ਰੂੜੀ ਦੀ ਘਾਟ ਦੀ ਪੂਰਤੀ ਨੂੰ ਪੂਰਾ ਕਰਨ ਲਈ ਹੁਣ ਬਣਾਉਣੀ ਤੌਰ ਤੇ ਰਸਾਇਣਕ ਤਰੀਕੇ ਨਾਲ ਬੂਟੇ ਨੂੰ ਦੇਣੇ ਸ਼ੁਰੂ ਕਰ ਦਿੱਤੇ ਹਨ। ਜੋ ਲੰਮੇ ਅਰਸੇ ਤੋਂ ਮਨੁੱਖ ਤੇ ਮਨੁੱਖੀ ਪੀੜ੍ਹੀ ਤੇ ਮਿੱਟੀ ਉਪਜਾਉਤਾ ਤੇ ਵਾਤਾਵਰਣ, ਸੂਖਮ ਜੀਵਾਂ ਆਦਿ ਚੌਹਾਂ ਲਈ ਘਾਤਕ ਸਿੱਧ ਹੋ ਰਹੀ ਹੈ। ਜੋ ਕਿ ਅੱਜ ਵੀ ਰੁਕਣ ਤਾਂ ਦੂਰ ਦੀ ਗੱਲ, ਏਥੋਂ ਤੱਕ ਕਿ ਇਸ ਰਸਾਇਣਕ ਖਾਦਾਂ ਦੀ ਖੱਪਤ ਘਟਾਉਣ ਲਈ ਵੀ ਕੋਈ ਹੱਲ ਅਜੇ ਵਿਗਿਆਨਕ ਦ੍ਰਿਸ਼ਟੀ ਵਿੱਚ ਤਰਾਸ਼ਣ ਦੀ ਦੌੜ ਲੱਭਦੀ ਨਜ਼ਰ ਨਹੀਂ ਆਉਂਦੀ ਨਾ ਹੀ ਏਸ ਮੁੱਦਿਆਂ ਨੂੰ ਸੱਥਾਂ ਇਕੱਠਾਂ ਚ ਵਿਚਰਦੇ ਦੇਖਿਆ ਗਿਆ। ਬੱਸ ਦੇਖਿਆ ਗਿਆ ਤਾਂ ਬੇਰੁਜ਼ਗਾਰੀ ਦੀਆਂ ਗੱਲਾਂ ਜਾਂ ਘਰਾਂ ਵਿੱਚ ਆਈਆਂ ਮਹਿੰਗੀਆਂ ਸਿਹਤ ਲਈ ਦਵਾਈਆਂ ਬੱਸ। ਮੁੱਦੇ ਜਿਉਂ ਦੇ ਤਿਉਂ ਖਤਮ।

ਇਕ ਉਦਾਹਰਣ ਤੇ ਸੁਝਾਅ ਏਨਾਂ ਹੈਡਿੰਗ ਦੇ ਤੌਰ ਦੇ ਸਮਝਾਇਆ ਹੈ ਜਿਵੇਂ ਕਿ ਰੋਜ਼ਗਾਰ ਕਮਰਸ਼ੀਅਲ ਪ੍ਰੋਸੈਸਿੰਗ ਉਤਪਾਦਾਂ ਨੂੰ ਹੋਂਦ ਵਿਚ ਲਿਆਉਣ ਨਾਲ, ਅਤੇ ਡੇਅਰੀ ਪੱਠੇ ਲੱਤੇ ਤੇ ਪਿੰਡਾਂ ਦੀ ਨਰੇਗਾ ਕਾਮਿਆਂ ਨੂੰ ਦੋ ਸ਼ਿਫਟਾ ‘ਚ ਰੋਜ਼ਗਾਰ, ਪਸ਼ੂ ਮੂਤਰ ਤੋਂ ਬਣਿਆ ਗੋਬਰ ਗੈਸ ਪਲਾਂਟ ਦੀ ਗੈਸ ਸਪਲਾਈ ਉਸ ਪਿੰਡ ਨੂੰ ਮੁਫਤ ਵਿਚ ਮਿਲਣੀ, ਪ੍ਰੋਸੈਸਿੰਗ ਯੂਨਿਟਾਂ ਲਈ ਬਲਾਕ ਦੇ ਸਕਿਲਡ ਨੌਜਵਾਨ ਫੂਡ ਪ੍ਰੋਸੈਸਿੰਗ ਵਾਲਿਆਂ ਨੂੰ ਉਸ ਕੋਆਪਰੇਟਿਵ ਸਿਸਟਮ ਵਿਚ ਰੋਜ਼ਗਾਰ ਆਦਿ।

ਦੂਜੀ ਗੱਲ ਅੱਜ ਦੀ ਗੱਲ ਸ਼ੁਰੂ ਹੁੰਦਿਆਂ ਜੋ ਪਿੰਡ ਪੱਧਰੀ ਕੋਆਪਰੇਟਿਵ ਸੋਸਾਇਟੀ ਬਾਰੇ ਸਾਡੇ ਜ਼ਹਿਨ ਵਿਚ ਹਮੇਸ਼ਾਂ ਇਹੀ ਆਉਂਦਾ ਹੈ ਕਿ ਜਿਵੇਂ ਲੰਮੇਦਹਾਕੇ ਤੋਂ ਜਿਵੇਂ ਅਸੀਂ ਸੋਸਾਇਟੀ ਨੂੰ ਕੇਵਲ ਖੇਤੀ ਦਵਾਈਆਂ, ਖਾਦਾਂ, ਬੀਜਾਂ, ਤੇਲ ਆਦਿ ਤੱਕ ਹੀ ਵਰਤੋਂ ਵਿਚ ਲਿਆ ਰਹੇ ਹਾਂ। ਕਮਰਸ਼ੀਅਲ ਪ੍ਰੋਸੈਸਿੰਗ ਡੇਅਰੀ ਫਾਰਮਿੰਗ ਆਉਣ ਨਾਲ ਪੰਜਾਬ ਦੇ ਪਿੰਡਾਂ ਵਿਚ ਰੋਜ਼ਗਾਰ ਪ੍ਰਬੰਧ ਵਧਣਗੇ। ਉਹ ਭਾਵੇਂ ਨਰੇਗਾ ਕਾਮਿਆਂ ਦੀ ਆਰਥਿਕ ਸੁਧਾਰ ਬਾਰੇ ਹੋਵੇ ਜਾਂ ਵਿਦੇਸ਼ਾਂ ਨੂੰ ਭੱਜਦੇ ਪੜ੍ਹੇ ਲਿਖੇ ਨੌਜਵਾਨਾਂ ਲਈ ਹੋਵੇ। ਹੁਣ ਇਸ ਵਿਚ ਰੋਜ਼ਗਾਰ ਪ੍ਰਬੰਧ ਕਿਵੇਂ ਤੇ ਕਿੱਦਾਂ ਚੱਲਣਗੇ ਬਾਰੇ ਗੱਲ ਕਰਦੇ ਹਾਂ।

ਜਿਵੇਂ ਕਿ ਪਿੰਡਾਂ ਦੀਆਂ ਕੋਆਪਰੇਟਿਵ ਸੋਸਾਇਟੀਆਂ ਹੇਠ ਆਲੇ ਦੁਆਲੇ ਦੇ ਕੋਈ 4-6 ਪਿੰਡਾਂ ਦੀਆਂ ਪੰਚਾਇਤਾਂ ਆਉਂਦੀਆਂ ਹਨ। ਉਹਨਾਂ ਸੋਸਾਇਟੀਆਂ ਕੋਲ ਆਪਣੇ ਖਰਚ ਤੇ ਪੰਚਾਇਤੀ ਜ਼ਮੀਨਾਂ ਆਦਿ ਰਿਜ਼ਰਵ ਰਹਿੰਦੇ ਹਨ। ਅਜਿਹੀ ਨੀਤੀ ਨਾਲ ਪੰਜਾਬ ਵਿਚ ਨਵਾਂ ਡੇਅਰੀ ਇਨਕਲਾਬ ਆਉਣਾ ਸੁਭਾਵਿਕ ਹੈ ਰੋਜ਼ਗਾਰ ਪ੍ਰਬੰਧ ਵਧਣਗੇ, ਮਿਲਾਵਟਖੋਰੀ ਖਤਮ ਹੋਊ, ਪਿੰਡਾਂ ਵਿਚ ਦੇਸੀ ਰੂੜੀ ਮਿਲੇਗੀ ਜੋ ਰਸਾਇਣਕ ਬਣਾਉਣੀ ਖਾਦਾਂ ਨੂੰ ਘਟਾਉਣ ਲਈ ਸਹਾਈ ਹੋਵੇਗੀ। ਏਥੇ ਜੇਕਰ ਡੇਅਰੀ ਫਾਰਮਿੰਗ ਦੀ ਮਿਸਾਲ ਬਲਾਕ ਪੱਧਰੀ ਪਹਿਲੀ ਸੁਸਾਇਟੀ ਵਿਚ ਦੁਧਾਰੂ ਪਸ਼ੂਆਂ ਨਾਲ ਸ਼ੁਰੂਆਤ ਕੀਤੀ ਜਾਵੇ ਤਾਂ ਬਹੁਤ ਸਾਰੇ ਨਰੇਗਾ ਕਾਕਿਆਂ ਨੂੰ ਰੁਟੀਨ ਰਾਤ ਦਿਨ ਦੀਆਂ ਸ਼ਿਫਟਾਂ ‘ਚ ਕੰਮ ਮਿਲੇਗਾ। ਪਸ਼ੂ ਚਾਰੇ, ਪੱਠੇ ਲੱਤੇ ਆਦਿ, ਸਫਾਈ ਫਾਰਮ ਵਾਲੇ, ਪੈਕਿੰਗ ਬੋਤਲਿੰਗ, ਟਰਾਂਸਪੋਰਟੇਸ਼ਨ, ਮਾਰਕੀਟਿੰਗ, ਬਹੁਤ ਸਾਰੇ ਪੱਖਾਂ। ਉੱਥੇ ਚੰਗੀ ਡੇਅਰੀ ਪ੍ਰੋਸੈਸਿੰਗ ਉਤਪਾਦਾਂ ਦੀ ਦੇਖਭਾਲ ਤੇ ਬਣਾਈ ਸਿਖਲਾਈ ਲਈ ਚੰਗੇ ਸਕਿਲਡ ਨੌਜਵਾਨ ਬਲਾਕ ਦੇ ਹੀ ਫੂਡ ਪ੍ਰੋਸੈਸਿੰਗ ਵਾਲੇ ਮੁੰਡੇ ਕੁੜੀਆਂ ਨੂੰ ਰੋਜ਼ਗਾਰ ਦੇ ਵਸੀਲੇ ਪੈਦਾ ਹੋਣਗੇ। ਸੇਮ ਸੋਸਾਇਟੀ ਦੇ ਸੈਕਟਰੀ ਵਾਂਗ ਲੰਮ ਸੰਮ ਕੰਮ ਦੇ ਹਿਸਾਬ ਨਾਲ ਰੱਖੇ ਜਾਣਗੇ।


ਉੱਥੇ ਕੋਆਪਰੇਟਿਵ ਸੋਸਾਇਟੀ ਦਾ ਦਾਇਰਾ ਵਿਸ਼ਾਲ ਹੋਵੇਗਾ ਅਤੇ ਪੰਜਾਬ ਦੀਆਂ ਸੋਸਾਇਟੀਆਂ ਨੂੰ ਨਵਾਂ ਦਿਸ਼ਾ ਮਿਲੇਗੀ। ਅਜਿਹੇ ਪੈਸਿਆਂ ਨਾਲ ਬਾਅਦ ਵਿਚ ਮੈਂਬਰਾਂ ਦੀ ਸਹਿਮਤੀ ਤੇ ਸਿਫਾਰਸ਼ ਮੁਤਾਬਕ ਪੈਟਰੋਲ ਪੰਪ, ਕੰਬਾਇਨਾਂ ਆਦਿ ਵੀ ਆਪਾਂ ਖਰੀਦ ਸਕਦੇ ਹਾਂ ਹੋਰ ਵੀ ਬਲਾਕ ‘ਚ ਰੋਜ਼ਗਾਰ ਪ੍ਰਬੰਧ ਵਧਣਗੇ। ਸਥਾਈ ਤੌਰ ਤੇ ਸੋਸਾਇਟੀ ਦੇ ਸੈਕਟਰੀ ਵਾਂਗ ਲੰਮ ਸੰਮ/ਬਲਾਕ ਦੇ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ। ਅਜਿਹੀਆਂ ਖੇਤੀ ਨੀਤੀਆਂ ਵਿਚ ਹੋਰ ਸੁਧਾਰ ਲਿਆਉਣ ਲਈ ਲੇਖ ਮੁਤਾਬਿਕ ਹੋਰ ਨਵੇਂ ਤਰੀਕੇ ਨਾਲ ਮਾਹਿਰਾਂ ਨੂੰ ਬੈਠਕਾਂ ਤੇ ਵਿਚਾਰਾਂ ਦੀ ਘੋਖ ਕਰਨੀ ਅਹਿਮ ਲੋੜ ਹੋਵੇਗੀ। ਆਰ. ਐਸ. ਡੇਅਰੀ ਫਾਰਮ ਰੋਪੜ ਪਿੰਡ ਬਹਾਦਰਪੁਰ ਤੋਂ ਅਜਿਹੀਆਂ ਸੇਧਾਂ ਹਨ। ਜਿਸ ਵਿਚ ਐਨ ਆਰ ਆਈ ਹਨ। ਏਸ ਲੇਖ ਦੇ ਸਿਸਟਮ ਵਿਚ ਪੰਚਾਇਤ ਤੇ ਸਰਕਾਰ ਆ ਜਾਣਗੇ। ਐਨ ਆਰ ਆਈ ਪੰਜਾਬੀ ਆਪਣੇ ਬਲਾਕ ਜਾਂ ਪਿੰਡ ਨੂੰ ਸਹਿਯੋਗ ਕਰਨਗੇ ਤਾਂ ਹੋਰ ਸਿਸਟਮ ਦੀ ਬਿਹਤਰੀ ਹੋਵੇਗੀ।

ਕੋਆਪਰੇਟਿਵ ਸੋਸਾਇਟੀਆਂ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਦੋਸਤਾਂ ਨੂੰ ਚੇਤੇ ਆਵੇਗਾ ਕਿ ਸਾਡੇ ਪਿੰਡ ਦੀ ਕੋਆਪਰੇਟਿਵ ਸੋਸਾਇਟੀ ਤਾਂ ਡਿਫਾਲਟਰ ਹੈ ਜਾਂ ਸਮਾਨ ਕਿਸੇ ਰਸੂਖਦਾਰ ਬੰਦੇ ਦੇ ਪਹਿਲੇ ਵੀ ਥਾਂ ਤੇ ਪਿਆ ਖਰਾਬ ਹੋਇਆ ਜਾਂ ਸੋਸਾਇਟੀ ਦਾ ਪ੍ਰਧਾਨ ਸਿਆਸੀ ਸ਼ੈਅ ਤੇ ਕੋਈ ਮਤਾ ਜਾਂ ਮਹੀਨੇ ਵਾਰ ਬੈਠਕ ਆਦਿ ਨਹੀਂ ਕਰਦਾ ਹੀ ਮੁੱਢਲੇ ਕਾਰਨ ਸਨ। ਜਿਸ ਕਾਰਨ ਪਹਿਲਾਂ ਕੋਆਪਰੇਟਿਵ ਸੋਸਾਇਟੀਆਂ ਦਾ ਕੰਮ ਕਾਜ ਖਤਮ ਹੋਇਆ। ਏਥੋਂ ਤੱਕ ਕਿ ਕਈ ਤਾਂ ਸੋਸਾਇਟੀ ਦੇ ਸੈਕਟਰੀ ਅਯੋਗ ਵੀ ਬਣੇ ਤੇ ਕੰਮ ਕੋਈ ਹੋਰ ਕਰਦਾ ਰਿਹਾ ਤੇ ਚੁਣਿਆ ਕੋਈ ਹੋਰ ਗਿਆ। ਖੈਰ ਜੇਕਰ ਅੱਜ ਵੀ ਏਸੇ ਤਰ੍ਹਾਂ ਹੀ ਮਤਾ ਹੀ ਅਜਿਹੇ ਪੈਮਾਨੇ ਤਹਿਤ ਬਣੇਗਾ ਤਾਂ ਹਰੇਕ ਸਾਲ ਦਰ ਸਾਲ ਪ੍ਰਧਾਨ ਤੇ ਸੈਕਟਰੀ ਤੇ ਮੈਂਬਰਾਂ ਦੀਆਂ ਸਿਫਾਰਸ਼ਾਂ ਅਨੁਸਾਰ ਤਹਿ ਹੋਣਗੀਆਂ ਤੇ ਬਦਲੇ ਜਾਣਗੇ। ਫੇਰ ਸਾਰੇ ਪਿੰਡਾਂ ਦੇ ਮੈਂਬਰਾਂ ਦੀ ਚੋਣ/ਮਤੇ ਸਦਕਾ ਅਗਾਂਹ ਘੋਸ਼ਿਤ ਹੋਣ ਨਾਲ ਸੁਸਾਇਟੀ ਦਾ ਕੰਮ ਚੱਲੇਗਾ ਤਾਂ ਹੀ ਅਗਾਂਹ ਤੋਂ ਸੋਸਾਇਟੀ ਦੇ ਬੰਦ ਹੋਣ ਜਾਂ ਨੁਕਸਾਨ ਦੇ ਜ਼ਿਕਰ ਸਾਹਮਣੇ ਨਹੀਂ ਆਉਣਗੇ। ਬੱਸ ਪਿੰਡ ਦੀ ਪੰਚਾਇਤ ਮਤੇ ‘ਚ ਪਿੰਡ ਵਾਸੀਆਂ ਨਾਲ ਬੈਠਣੀ ਜ਼ਰੂਰੀ ਹੋਵੇ।

ਜਿਹੜੇ ਨਰੇਗਾ ਕਾਮਿਆਂ ਨੂੰ ਦਿਹਾੜੀ ਨਹੀਂ ਮਿਲਦੀ ਜਾਂ ਉਹ ਦੋ ਸ਼ਿਫਟਾਂ ਵਿਚ ਵੀ ਕੰਮ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਕੋਆਪਰੇਟਿਵ ਸੈਕਟਰੀ ਵਾਂਗ ਲੰਮ ਸੰਮ ਰੋਜ਼ਗਾਰ ਪ੍ਰਬੰਧ ਬਣੇਗਾ। ਕੁੱਝ ਕੁ ਤਾਂ ਪਸ਼ੂਆਂ ਦੇ ਚਾਰੇ ਲਿਆਉਣ ਲਈ ਕੰਮ ਕਰਨਗੇ ਤੇ ਕੁਝ ਕੁ ਸਫਾਈ ਪ੍ਰਬੰਧ ਲਈ ਅਤੇ ਕੁਝ ਮਲਮੂਤਰ ਸਾਫ ਕਰਨ ਲਈ ਅਤੇ ਕਈ ਸਕਿਲਡ ਨੌਜਵਾਨ ਜੋ ਮਸ਼ੀਨਰੀਆਂ ਨਾਲ ਦੁੱਧ ਚੋਣਗੇ। ਦੁੱਧ ਤੋਂ ਤਿਆਰ ਪ੍ਰੋਡਕਟ ਬਣਾਉਣਗੇ। ਇਸ ਦੇ ਨਾਲ ਪਿੰਡ ਵਿਚ ਕੋਆਪਰੇਟਿਵ ਸੋਸਾਇਟੀ ਦੇ ਪਸ਼ੂਆਂ ਦਾ ਗੋਹਾ ਨੇੜੇ ਬਣਿਆਂ ਗੋਬਰ ਗੈਸ ਪਲਾਂਟ ਵਿਚ ਪਾਇਆ ਜਾਵੇਗਾ ਉੱਥੇ ਬਾਕੀ ਵੀ ਸਾਰੇ ਪਿੰਡਾਂ ਦਾ ਗੋਹਾ ਉਹ ਵੀ ਉਸੇ ਪਲਾਂਟ ਵਿਚ ਵਰਤਿਆ ਜਾਵੇਗਾ। ਉਸ ਪਲਾਂਟ ਨੂੰ ਬਣੀ ਗੋਬਰ ਗੈਸ ਸਾਰੇ ਪਿੰਡ ਵਿਚ ਸਪਲਾਈ ਦਿੱਤੀ ਜਾਵੇਗੀ।

ਗੱਲ ਇਸੇ ਪਸ਼ੂ ਫਾਰਮ ਤੋਂ ਪ੍ਰਾਪਤ ਹੋਣ ਵਾਲੇ ਦੁੱਧ ਦੀ ਕਰਾਂਗੇ। ਕਿਉਂਕਿ ਮਿਲਾਵਟਖੋਰੀ ਤੇ ਚੰਗਾ ਸ਼ੁੱਧ ਦੁੱਧ ਵਿਆਹਾਂ ਸ਼ਾਦੀਆਂ ਤੇ ਆਮ ਲੋਕਾਂ ਨੂੰ ਮਿਲਣਾ ਬਹੁਤ ਔਖਾ ਹੋਇਆ ਪਿਆ। ਜਿਸ ਨਾਲ ਮਨੁੱਖੀ ਸਿਹਤ ਨਾਲ ਖਿਲਵਾੜ ਹੋ ਰਿਹਾ। ਕਿਉਂਕਿ ਆਪਾਂ ਕਦੇ ਵੀ ਅਜਿਹਾ ਨਹੀਂ ਪੜ੍ਹਦੇ ਜਾਂ ਸੜਕਾਂ ਤੇ ਨਾ ਹੀ ਦੇਖਿਆ ਹੋਵੇਗਾ ਕਿ ਰੋਜ਼ ਦੋਧੀਆਂ ਦਾ ਜਾਂ ਡੇਅਰੀਆਂ ਦੇ ਦੁੱਧ ਦੇ ਸੈਂਪਲ ਸਰਕਾਰੀ ਅਧਿਕਾਰੀਆਂ ਵੱਲੋਂ ਰੋਜ਼ ਲਏ ਹੋਣ ਤੇ ਫੇਲ੍ਹ ਜਾਂ ਪਾਸ ਦੀ ਰਿਪੋਰਟ ਜਨਤਕ ਪੰਜਾਬ ਪੱਧਰੀ ਕੀਤੀ ਹੋਵੇ। ਉਸ ਤੇ ਲਗਾਮ ਲੱਗੇਗੀ। ਲੋਕਾਂ ਨੂੰ ਸ਼ੁੱਧ ਦੁੱਧ ਵੀ ਆਪਣਿਆਂ ਤੋਂ ਹੀ ਆਡਰਾਂ ਤੇ ਮਿਲਣਾ ਸ਼ੁਰੂ ਹੋਵੇਗਾ। ਉੱਥੇ ਨਾਲ ਦੁੱਧ ਤੋਂ ਤਿਆਰ ਬਰਫੀ, ਖੋਆ, ਮਿਲਕ ਕੇਕ, ਪਨੀਰ, ਬਦਾਮਾਂ ਵਾਲਾ ਦੀ ਦੁੱਧ ਸ਼ੇਕ, ਦਹੀਂ ਲੱਸੀ ਮੱਖਣ ਆਦਿ ਬਲਾਕਾਂ ਪਿੰਡਾਂ ਤੋਂ ਬਣ ਕੇ ਕਮਰਸ਼ੀਅਲ ਦੁਕਾਨਾਂ, ਸ਼ਾਦੀਆਂ ਆਦਿ ਤੇ ਜਾਇਆ ਕਰੇਗਾ। ਬੇਸ਼ੱਕ ਸਰਕਾਰਾਂ ਚਾਹੇ ਤਾਂ ਕੋਆਪਰੇਟਿਵ ਸੇਲ ਪੁਆਇੰਟ ਵੀ ਕਿਸਾਨਾਂ ਦੇ ਉਤਪਾਦਾਂ ਦੇ ਆਨ ਰੋਡ ਸੜਕਾਂ ਤੇ ਚੌਂਕ ਸ਼ਹਿਰਾਂ ਵਿਚ ਹੋਰ ਲੋਕਾਂ ਨੂੰ ਰੋਜ਼ਗਾਰ ਦੇਣ ਲਈ ਕਮਿਸ਼ਨ ਜਾਂ ਤਨਖਾਹਾਂ ਤੇ ਲੋੜ ਤੋਂ ਵੱਧ ਸੇਲ ਪੁਆਂਇੰਟ ਖੋਲੇ ਜਾ ਸਕਦੇ ਹਨ। ਬੱਸ ਏਥੇ ਸਰਕਾਰਾਂ ਦੀ ਮਨਸ਼ਾ ਹਾਂ ਪੱਖੀ ਜ਼ਰੂਰੀ ਹੈ। ਇਥੇ ਪੈਕਿੰਗ, ਬੋਤਲਿੰਗ, ਟਰਾਂਸਪੋਰਟੇਸ਼ਨ, ਮਾਰਕੀਟਿੰਗ, ਫੂਡ ਪ੍ਰੋਸੈਸਿੰਗ ਬਣਾਉਣ ਵਾਲੇ ਤੋਂ ਲੈ ਕੇ ਵੇਚਣ ਵਾਲੇ ਤੱਕ ਸਭ ਨੂੰ ਜ਼ਿਆਦਾ ਤਾਂ ਆਪੋ ਆਪਣੇ ਬਲਾਕ ਦੇ ਚੌਂਕਾਂ ’ਚ ਬਣੇ ਸੇਸਲ ਪੁਆਇੰਟ ਤੇ ਰੋਜ਼ਗਾਰ ਮਿਲਣਗੇ ਤੇ ਸੇਲ ਦੂਜੇ ਬਲਾਕ ਜਾਂ ਸ਼ਹਿਰ ਵਿਚ ਭੇਜਣ ਨਾਲੋਂ ਪੈਲੇਸਾਂ, ਸੇਲ ਪੁਆਇੰਟ ਤੇ ਵਿਕਰੀ ਆਮ ਸ਼ੁੱਧਤਾ ਦੇਖ ਕੇ ਤੜਾ ਤੜ ਹੋਵੇਗੀ। ਮਿਲਾਵਟਖੋਰੀ ਤੇ ਕਮਿਸ਼ਨ ਸਭ ਖਤਮ ਹੋਣਗੇ। ਸਰਕਾਰੀ ਦੁੱਧ ਟੈਸਟਿੰਗ ਅਦਾਰੇ ਵੀ ਦੋਸ਼ ਮੁਕਤ ਹੋਣਗੇ।

ਕੋਆਪਰੇਟਿਵ ਸੋਸਾਇਟੀਆਂ ਦੀ ਜਿੱਥੇ ਕਮਰਸ਼ੀਅਲ ਪੱਧਰੀ
ਇਸ ਲੇਖ ਵਿਚ ਕੀ
ਬਹੁਤ ਸਾਰੇ ਕਿਸਾਨ
ਇਸ ਲੇਖ ਨਾਲ ਪਿੰ
ਪੱਧਰੀ ਵਾਪਰਦੇ ਸਿ
ਹੋਣ, ਜੋ ਅਜਿਹੇ ਸਿ
ਪਹਿਲਾਂ ਸੋਸਾਇਟੀ
ਪਿੰਡ ਦੇ ਰਸੂਖਦਾਰ
ਉਲੀਕੀ ਗਈ ਸੀ,
ਪ੍ਰਭਾਵ ਬਾਰੇ ਸੋਚਣ
ਕਿ ਸੈਕਟਰੀ ਤਾਂ
ਚਲਾਉਣ ਵਾਲਾ ਕਰ
ਇਹ ਵੀ ਬਹੁਤ



## ...ਲ/ਪ੍ਰੋਸੈਸਿੰਸ ਡੇਅਰੀ ਫਾਰਮਿੰਗ ਲਿਆਉਣ ਨਾਲ

# ...ਤਾ ਵਧਣ ਤੇ ਘਟੇਗੀ ਬਣਾਉਟੀ ਖਾਦਾਂ ਦੀ ਪੂਰਤੀ

...ਚਲਾਉਣ ਬਾਰੇ ਜ਼ਿਕਰ ...ਤਾ ਗਿਆ ਹੈ। ਉੱਥੇ ...ਵੀਰ, ਹੋ ਸਕਦਾ ਹੈ ...ਡਾਂ ਵਿਚ ਜਾਂ ਬਲਾਕ ...ਮਾਸੀ ਰਾਗ ਤੋਂ ਦੁਖੀ ...ਸਟਮ 'ਚ ਪੈਣ ਤੋਂ ...ਆਂ ਦੀ ਰੂਪ ਰੇਖਾ ਜੋ ... ਲੋਕਾਂ ਵਲੋਂ ਮਾੜੀ ...ਦੀ ਦੋਹਰੀ ਮਾਰ ਦੇ ...ਲਈ ਮਜ਼ਬੂਰ ਹੋਣਗੇ ...ਹਿਲਾਂ ਸੋਸਾਇਟੀ ਨੂੰ ...ਪਟ ਆਦਮੀ ਸੀ ਜਾਂ ...ਾਰੀਆਂ ਸੁਸਾਇਟੀਆਂ ਵਿਚ ਦਿੱਕਤਾਂ ਆਈਆਂ। ਉੱਥੇ ਕੁੱਝ ਸੈਕਟਰੀ ਨਸ਼ਾਖੋਰ ਵੀ ਨਿਕਲੇ। ਬਹੁਤ ਸਾਰੇ ਇਮਾਨਦਾਰਾਂ ਨੇ ਵੀ ਸੇਧਾਂ ਖੜੀਆਂ ਕੀਤੀਆਂ। ਕੁੱਲ ਮਿਲਾ ਕੇ ਜੇਕਰ ਪਿਛਲੇ ਸਿਸਟਮਜ਼ ਵਿਚ ਨਵੀਆਂ ਸੋਚਾਂ ਨਾਲ ਸੋਧਾਂ ਨਾ ਕੀਤੀਆਂ ਤਾਂ ਜਿਉਂ ਦਾ ਤਿਉਂ ਹੀ ਲਟਕਦੇ ਰਹਿਣਗੇ ਫੈਸਲੇ। ਇਥੇ ਪਿੰਡ ਦੇ ਆਮ ਇਜਲਾਸ ਜਾਂ ਪਿੰਡ ਤੇ ਪੰਚਾਇਤ ਦੇ ਸਹਿਯੋਗ ਨਾਲ ਹੋਏ ਇਕੱਠ ਵਿਚ ਕੋਆਪਰੇਟਿਵ ਇੰਸਪੈਕਟਰ ਦੀ ਹਾਜ਼ਰੀ ਅਤੇ ਹੋਰਨਾਂ ਵਿਭਾਗਾਂ ਜੋ ਕਿਸਾਨਾਂ ਨਾਲ ਸੰਬੰਧਿਤ ਹਨ, ਨੂੰ ਵੀ ਨਾਲ ਜੋੜਨ ਲਈ ਪਰਪੱਕ ਹੋ ਕੇ ਬਿਠਾਉਣ ਦੀ ਲੋੜ ਹੈ। ਉੱਥੇ ਹਰੇਕ



ਦੋ ਸਾਲ ਬਾਅਦ ਕੋਆਪਰੇਟਿਵ ਸੋਸਾਇਟੀ ਦਾ ਪ੍ਰਧਾਨ, ਸੈਕਟਰੀ ਤੇ ਜੇਕਰ ਕੋਈ ਗਲਤ ਮੈਂਬਰ ਹੈ ਤਾਂ ਸਮੂੰਹ ਪਿੰਡਾਂ ਦੀਆਂ ਲੋਕਾਂ ਦੀਆਂ ਸੱਥਾਂ ਤੇ ਪੰਚਾਇਤਾਂ ਦੀ ਹਾਜ਼ਰੀ ਵਿਚ ਬਦਲਣਾ ਲਾਜ਼ਮੀ ਕੀਤਾ ਜਾਵੇਗਾ। ਜੇਕਰ ਪ੍ਰਧਾਨ ਜਾਂ ਸਕੱਤਰ ਦਾ ਕੰਮ ਤਸੱਲੀਬਖਸ਼ ਸਭਨਾਂ ਸਾਹਮਣੇ ਨਹੀਂ ਦਿਸਦਾ ਹੈ ਜਾਂ ਆਉਂਦਾ ਹੈ। ਲੋਕ ਰਾਏ ਅਨੁਸਾਰ ਉਸ ਦੇ ਹੱਕ ਵਿਚ ਜਾਂਦੀ ਹੈ ਤਾਂ ਫਿਰ ਅਗਲੇ ਹੋਰ ਦੋ ਸਾਲਾਂ ਲਈ ਉਸ ਦੇ ਕਾਰਜਕਾਲ ਵਿਚ ਵਾਧਾ ਕੀਤਾ ਜਾਵੇਗਾ। ਅਜਿਹੀ ਨੀਤੀ ਤਹਿਤ ਨਵੇਂ ਉੱਦਮਾਂ ਨੂੰ ਵਿਚਾਰਨ ਦੀ ਲੋੜ ਹੈ।

ਅਜਿਹੇ ਨਵੇਂ ਯੁੱਗ ਵਿਚ ਖੇਤੀ ਨੀਤੀ ਅਪਣਾਉਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਬੇਹੱਦ ਵੱਡੇ ਪੱਧਰ ਤੇ ਜਿੱਥੇ ਆਰਥਿਕ ਦਿਸ਼ਾ ਚ ਸੁਧਾਰ ਹੋਊ ਉੱਥੇ ਮਨੁੱਖੀ ਸਿਹਤ ਤੇ ਭੋਜਨ ਦੋਨੋਂ ਸਿਹਤਮੰਦ ਸਮਾਜ ਦੇ ਹੋਣਗੇ। ਏਸ ਨੀਤੀ ਦਾ ਪਹਿਲਾ ਫਾਇਦਾ ਤਾਂ ਇਹ ਹੋਵੇਗਾ ਕਿ ਮਿੱਟੀ ਉਪਜਾਉਤਾ ਵਧਾਉਣ ਲਈ ਪਸ਼ੂ ਰੂੜੀ ਵਾਧੂ ਮਾਤਰਾ 'ਚ ਸਾਰੇ ਪਿੰਡ ਨੂੰ ਮੁਫਤ ਵਿਚ ਮਿਲ ਜਾਊ। ਦੂਜਾ ਬਣਾਉਟੀ ਤਰੀਕੇ ਨਾਲ ਮਿੱਟੀ ਦੀ ਉਪਜਾਉਤਾ ਵਧਾਉਣ ਲਈ ਰਸਾਇਣਕ ਖਾਦਾਂ ਦੀ ਪੂਰਤੀ ਘੱਟ ਜਾਊ ਜੋ ਹੌਲੀ ਹੌਲੀ ਬੂਟੇ ਤੋਂ ਇਨਸਾਨ ਦੇ ਭੋਜਨ ਪਦਾਰਥਾਂ ਵਿਚ ਜਾਂਦੀ ਸੀ। ਤੰਦਰੁਸਤ ਸਮਾਜ ਦੀ ਸਿਰਜਣਾ ਹੋਵੇਗੀ। ਤੀਜਾ ਫਾਇਦਾ ਇਹ ਕਿ ਜਿਹਨਾਂ ਬਜ਼ੁਰਗਾਂ ਦੇ ਬੱਚੇ ਵਿਦੇਸ਼ਾਂ ਵਿਚ ਜਾ ਵਸੇ ਉਹ ਇਕ ਦੋ ਪਸ਼ੂਆਂ ਦੀ ਸੰਭਾਲ ਕਰਨੀ ਔਖੀ ਸੀ ਜਾਂ ਧੰਦਾ ਬੰਦ ਹੋਣ ਵਾਲਾ ਸੀ ਜਾਂ ਕਰਨ ਦਾ ਵਿਚਾਰ ਸੀ ਤਾਂ ਉਹ ਵੀ ਪਸ਼ੂ ਉਸੇ ਕੋਆਪਰੇਟਿਵ ਸੋਸਾਇਟੀ ਨੂੰ ਵੇਚ ਦੇਣਗੇ ਜਾਂ ਉਸੇ ਸੋਸਾਇਟੀ ਵਿਚ ਬੰਨ੍ਹ ਆਉਣਗੇ। ਪੈਸਾ, ਦੁੱਧ, ਪਸ਼ੂ, ਰੂੜੀ ਸਭ ਪਿੰਡ ਵਿਚ ਹੀ ਰਹਿ ਗਏ। ਚੌਥਾ ਸਭ ਤੋਂ ਵੱਡਾ ਫਾਇਦਾ ਪਿੰਡਾਂ ਵਿਚ ਰੋਜ਼ਗਾਰ ਦੇ ਵਸੀਲੇ ਪੈਦਾ ਹੋਣਗੇ ਲੰਮੇ ਸਮੇਂ ਤੱਕ। ਕਮਰਸ਼ੀਅਲ ਪ੍ਰੋਸੈਸਿੰਗ ਕੋਆਪਰੇਟਿਵ ਸੋਸਾਇਟੀ ਅਤੇ ਬਣਾਉਟੀ ਖਾਦਾਂ ਨੂੰ ਘਟਾਉਣ ਦੇ ਤਰੀਕੇ ਤੇ ਬਲਾਕ ਵਿਚ ਬਣੇ ਰੋਜ਼ਗਾਰ ਪ੍ਰਬੰਧ ਅਤੇ ਦੇਸੀ ਰੂੜੀ ਪ੍ਰਬੰਧਾਂ ਨੂੰ ਸੁਧਾਰਨ ਬਾਰੇ ਲੇਖ ਤੁਹਾਨੂੰ ਕਿਵੇਂ ਲੱਗਾ ਇਸ ਲੇਖ ਪ੍ਰਤੀ ਕੋਈ ਤੁਹਾਡਾ ਵੱਡਮੁਲਾ ਸੁਝਾਅ ਹੋਵੇ ਤਾਂ ਖੇਤੀਬਾੜੀ ਵਿਭਾਗ ਦੇ ਨੰਬਰ ਤੇ ਸੰਪਰਕ ਕਰੋ।


...ਆ ਵਾਪਸ

...ਲਲਾ ਦੇ ਵਿਗ੍ਰਹਿ ਰੂਪ ਦੀ ਪ੍ਰਾਣਪ੍ਰਤਿਸ਼ਠਾ ਦੇ
...ਲਗਭਗ 500 ਵਰ੍ਹਿਆਂ ਬਾਅਦ ਅਯੁੱਧਿਆ
...ਵਿੱਚ ਹਰ ਸਾਲ ਕਰੋੜਾਂ ਟੂਰਿਸਟਾਂ ਦੇ ਆਉਣ
...ੀ ਨਰੇਂਦਰ ਮੋਦੀ ਦੀ 'ਵਿਰਾਸਤ ਵੀ, ਵਿਕਾਸ
...ਨ ਸ਼ਹਿਰ ਵਿੱਚ ਬਹੁਤ ਤੇਜ਼ੀ ਨਾਲ ਵਿਕਾਸ
... ਵਜੋਂ 140 ਕਰੋੜ ਭਾਰਤੀਆਂ ਦੀ ਆਸਥਾ

...ਸਾਲ ਦੇ ਅੰਤ ਤੱਕ ਹਰ ਦਿਨ
...ਤਜਨ ਅਯੁੱਧਿਆ ਆਉਣਗੇ।

...ਤ ਤੱਕ ਅਯੁੱਧਿਆ ਧਾਮ ₹4 ਲੱਖ ਕਰੋੜ
...ਈ ਦਾ ਅਨੁਮਾਨ

ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਸੱਭਿਆਚਾਰਕ ਸੁਧਾਰ ਤੋਂ ਪ੍ਰਤੱਖ ਅਤੇ ਅਪ੍ਰਤੱਖ ਤੌਰ 'ਤੇ ਰੋਜ਼ਗਾਰ ਨੂੰ ਹੁਲਾਰਾ



ਵਿਕਾਸ ਪੱਥ 'ਤੇ ਅਯੁੱਧਿਆ



ਰੇਲਵੇ

ਅਯੁੱਧਿਆ ਧਾਮ ਜੰਕਸ਼ਨ ਰੇਲਵੇ ਸਟੇਸ਼ਨ

- ਪ੍ਰਤੀਦਿਨ 60,000 ਲੋਕਾਂ ਨੂੰ ਅਨੁਕੂਲਿਤ ਕਰ ਸਕਦਾ ਹੈ
- ਅਤਿਆਧੁਨਿਕ ਸੁਵਿਧਾਵਾਂ
- ਅਯੁੱਧਿਆ ਧਾਮ ਨੂੰ ਹੋਰ ਸ਼ਹਿਰਾਂ ਨਾਲ ਜੋੜਨ ਵਾਲੀ ਵੰਦੇ ਭਾਰਤ ਟ੍ਰੇਨ ਅਤੇ ਪ੍ਰਥਮ ਅੰਮ੍ਰਿਤ ਭਾਰਤ ਟ੍ਰੇਨ ਦੀ ਸ਼ੁਰੂਆਤ
- ₹240 ਕਰੋੜ ਦੀ ਲਾਗਤ ਨਾਲ ਵਿਕਸਿਤ



ਹਵਾਈ ਮਾਰਗ

ਮਹਾਰਿਸ਼ੀ ਵਾਲਮਿਕੀ ਅੰਤਰਰਾਸ਼ਟਰੀ ਹਵਾਈ ਅੱਡਾ

600 ਯਾਤਰੀਆਂ ਨੂੰ ਪੀਕ ਆਵਰਸ ਦੇ ਦੌਰਾਨ ਅਨੁਕੂਲਿਤ ਕਰ ਸਕਦਾ ਹੈ

- ₹1,450 ਕਰੋੜ ਦੀ ਲਾਗਤ ਨਾਲ ਪਹਿਲੇ ਪੜਾਅ ਦਾ ਉਦਘਾਟਨ
- ਦੂਸਰੇ ਪੜਾਅ ਵਿੱਚ ਹਵਾਈ ਅੱਡੇ ਦੀ ਸਮਰੱਥਾ 5 ਗੁਣਾ ਵਧਾਉਣ ਦਾ ਲਕਸ਼ (ਪ੍ਰਤੀ ਵਰ੍ਹੇ 10 ਲੱਖ ਤੋਂ ਅਧਿਕ ਯਾਤਰੀ)



ਬੁਨਿਆਦੀ ਢਾਂਚੇ ਦਾ ਵਿਕਾਸ

ਤੀਰਥਯਾਤਰੀਆਂ ਦੇ ਆਉਣ ਦੀ ਤਿਆਰੀ

ਅਯੁੱਧਿਆ ਧਾਮ ਨੂੰ ਗਲੋਬਲ ਟੂਰਿਜ਼ਮ ਹੱਬ, ਅਧਿਆਤਮਕ ਕੇਂਦਰ ਅਤੇ ਸਮਾਰਟ ਸਿਟੀ ਦੇ ਰੂਪ ਵਿੱਚ ਵਿਕਸਿਤ ਕੀਤਾ ਜਾ ਰਿਹਾ ਹੈ

- ਸਮਾਨ ਆਵਾਸ ਅਵਸਰ ਪ੍ਰਦਾਨ ਕਰਨ ਲਈ ₹300 ਕਰੋੜ ਦੀ ਵਸ਼ਿਸ਼ਟ ਕੁੰਜ ਰੈਜ਼ੀਡੈਂਸ਼ੀਅਲ ਸਕੀਮ ਦਾ ਐਲਾਨ
- ਵੈਦਿਕ ਸਿਟੀ ਯੋਜਨਾ ਦੇ ਅਧੀਨ ₹2,180 ਕਰੋੜ ਦੀ ਲਾਗਤ ਨਾਲ ਗ੍ਰੀਨਫੀਲਡ ਇੰਟੀਗ੍ਰੇਟਿਡ ਟਾਊਨਸ਼ਿਪ ਵਿਕਸਿਤ



ਰੋਡਵੇਜ਼

ਨਵੀਆਂ ਵਿਕਸਿਤ ਅਤੇ ਸੁੰਦਰ ਸੜਕਾਂ

- ਅਯੁੱਧਿਆ-ਸੁਲਤਾਨਪੁਰ ਰੋਡ ਅਤੇ ਨਵਾਂ ਐੱਨਐੱਚ-27 ਲਖਨਊ-ਅਯੁੱਧਿਆ ਸੈਕਸ਼ਨ ਵਿਕਸਿਤ ਕੀਤਾ ਜਾ ਰਿਹਾ ਹੈ
- ਰਾਮ ਪਥ, ਭਗਤੀ ਪਥ, ਧਰਮ ਪਥ ਅਤੇ ਸ਼੍ਰੀ ਰਾਮ ਜਨਮਭੂਮੀ ਪਥ ਦਾ ਉਦਘਾਟਨ ਕੀਤਾ ਗਿਆ

cbc 22201/13/0316/2324

# ਕੀ ਇੰਡੀਆ ਗੱਠਜੋੜ ਮੋਦੀ ਲਹਿਰ ਦਾ ਮੁਕਾਬਲੇ ਕਰ ਸਕੇਗਾ?

**ਡਾ. ਰਣਜੀਤ ਸਿੰਘ**

ਲੋਕ ਸਭਾ ਚੋਣਾਂ ਨੇੜੇ ਆਉਣ ਨਾਲ ਚੋਣ ਪ੍ਰਚਾਰ ਵਿਚ ਵੀ ਤੇਜ਼ੀ ਆ ਰਹੀ ਹੈ। ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦੇ ਪ੍ਰਚਾਰ ਲਈ ਮੀਡਿਆ ਦੇ ਸਾਰੇ ਢੰਗਾਂ ਦੀ ਵਰਤੋਂ ਕੀਤੀ ਜਾ ਰਹੀ ਹੈ । ਪ੍ਰਿੰਟ, ਬਿਜਲਈ, ਸੋਸ਼ਲ ਮੀਡੀਆ ਅਤੇ ਰਵਾਇਤੀ ਪ੍ਰਚਾਰ ਦੇ ਢੰਗਾਂ ਦੀ ਪੂਰੇ ਜ਼ੋਰ ਸ਼ੋਰ ਨਾਲ ਵਰਤੋਂ ਕੀਤੀ ਜਾ ਰਹੀ ਹੈ । ਇਹ ਦੱਸਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਪਿਛਲੇ ਦਸ ਸਾਲਾਂ ਵਿਚ ਪ੍ਰਧਾਨ ਮੰਤਰੀ ਮੋਦੀ ਵੀ ਅਗਵਾਈ ਹੇਠ ਭਾਰਤ ਦੁਨੀਆਂ ਦੀ ਪੰਜਵੀਂ ਮਹਾਂਸ਼ਕਤੀ ਬਣ ਗਿਆ ਹੈ ਅਤੇ ਅਗਲੇ ਪੰਜਾਂ ਸਾਲਾਂ ਵਿਚ ਇਸ ਨੂੰ ਦੁਨੀਆਂ ਦੀ ਤੀਜੀ ਮਹਾਂ ਆਰਥਿਕ ਸ਼ਕਤੀ ਬਣਾ ਦਿੱਤਾ ਜਾਵੇਗਾ । ਇਸ ਦੇ ਮੁਕਾਬਲੇ ਇੰਡੀਆ ਗੱਠਜੋੜ ਦਾ ਪ੍ਰਚਾਰ ਬਹੁਤ ਫਿੱਕਾ ਜਾਪਦਾ ਹੈ । ਅਸਲ ਵਿਚ ਕੌਮੀ ਪੱਧਰ ਉੱਤੇ ਬੀ ਜੇ ਪੀ ਨੂੰ ਟੱਕਰ ਦੇਣ ਵਾਲੀ ਪਾਰਟੀ ਕਾਂਗਰਸ ਹੀ ਹੈ ਪਰ ਇਸ ਸਮੇਂ ਪਾਰਟੀ ਕੋਲ ਮੋਦੀ ਦੇ ਮੁਕਾਬਲੇ ਦਾ ਕੋਈ ਵੀ ਨੇਤਾ ਨਹੀਂ ਹੈ। ਜਿਸ ਤਰ੍ਹਾਂ ਮੋਦੀ ਦਾ ਪ੍ਰਭਾਵ ਅਤੇ ਪਾਰਟੀ ਉੱਤੇ ਪਕੜ ਹੈ ਕਾਂਗਰਸ ਵਿਚ ਅਜੇਹਾ ਨਹੀਂ ਹੈ । ਉੱਥੇ ਲੀਡਰ ਬਹੁਤੇ ਹਨ ਜਿਹੜੇ ਇਕ ਦੂਜੇ ਦੀ ਟੰਗ ਖਿਚਾਈ ਕਰਦੇ ਹਨ । ਕਾਂਗਰਸ ਨੇ ਮੌਜੂਦਾ ਸਰਕਾਰ ਨੂੰ ਟੱਕਰ ਦੇਣ ਲਈ ਇੰਡੀਆ ਗੱਠਜੋੜ ਬਣਾਇਆ ਹੈ । ਵੇਖਣਾ ਇਹ ਹੈ ਕਿ ਕੀ ਇਹ ਗੱਠਜੋੜ ਬੀ ਜੇ ਪੀ ਦਾ ਮੁਕਾਬਲਾ ਕਰ ਸਕਦਾ ਹੈ। ਇਸ ਗੱਠਜੋੜ ਵਿਚ ਬਹੁਤੀਆਂ ਖੇਤਰੀ ਪਾਰਟੀਆਂ ਹਨ ਜਿਨ੍ਹਾਂ ਦਾ ਪ੍ਰਭਾਵ ਕੇਵਲ ਆਪੋ ਆਪਣੇ ਸੂਬੇ ਤੱਕ ਹੀ ਸੀਮਤ ਹੈ। ਇਸ ਕਰਕੇ ਇਹ ਪਾਰਟੀਆਂ ਆਪਣੇ ਲਈ ਵੱਧ ਤੋਂ ਵੱਧ ਸੀਟਾਂ ਉੱਤੇ ਚੋਣ ਲੜਨ ਦਾ ਯਤਨ ਕਰਨਗੀਆਂ ਤਾਂ ਜੋ ਕੇਂਦਰੀ ਸਰਕਾਰ ਤੋਂ ਸੂਬੇ ਲਈ ਵੱਧ ਤੋਂ ਵੱਧ ਸਹੂਲਤਾਂ ਪ੍ਰਾਪਤ ਹੋ ਸਕਣ । ਇਸੇ ਲਾਲਚ ਅਧੀਨ ਮਮਤਾ ਬੈਨਰਜੀ ਨੇ ਬੰਗਾਲ ਅਤੇ ਮਾਨ ਨੇ ਪੰਜਾਬ ਅਤੇ ਨਤੀਸ਼ ਨੇ ਬਿਹਾਰ ਵਿਚ ਇੰਡੀਆ ਨਾਲ ਰਲ ਕੇ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਹੈ । ਬਿਹਾਰ ਵਿਚ ਨਤੀਸ਼ ਕੁਮਾਰ ਨੇ ਤਾਂ ਇੰਡੀਆ ਦਾ ਪੱਲੂ ਛੱਡ ਭਾਜਪਾ ਦਾ ਪੱਲੂ ਫੜ ਲਿਆ ਹੈ ।

ਕਾਂਗਰਸ ਦਾ ਪ੍ਰਭਾਵ ਦੱਖਣ ਵਿਚ ਹੀ ਰਹਿ ਗਿਆ ਹੈ । ਉੱਥੇ ਵੀ ਖੇਤਰੀ ਪਾਰਟੀਆਂ ਨਾਲ ਸਮਝੌਤਾ ਕਰਨਾ ਪਵੇਗਾ । ਕਾਂਗਰਸ ਦੀਆਂ ਨੀਤੀਆਂ ਵਧੀਆ ਹਨ ਪਰ ਕਿਸੇ ਵੱਡੇ ਨੇਤਾ ਦਾ ਨਾ ਹੋਣਾ ਅਤੇ ਸਥਾਨਿਕ ਨੇਤਾਵਾਂ ਵਿਚ ਕੁਰਸੀ ਦੀ ਭੁੱਖ ਇਸ ਦੀ ਹਾਰ ਲਈ ਜ਼ੁੰਮੇਵਾਰ ਹਨ । ਪਿੱਛੇ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਇਹੋ ਕੁਝ ਸਾਹਮਣੇ ਆਇਆ ਹੈ। ਪੰਜਾਬ ਦੀਆਂ ਚੋਣਾਂ ਸਮੇਂ ਸੂਬੇ ਵਿਚ ਕਾਂਗਰਸ ਦਾ ਰਾਜ ਸੀ ਤੇ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਵਧੇਰੇ ਪ੍ਰਭਾਵਸ਼ਾਲੀ ਸੀ। ਸਰਕਾਰ ਕਿਸਾਨ ਅੰਦੋਲਨ ਦੀ ਸਮਰਥਕ ਸੀ, ਛੋਟੇ ਕਿਸਾਨਾਂ ਦੇ ਕੁੱਝ ਕਰਜ਼ੇ ਵੀ ਮੁਆਫ ਹੋਏ ਸਨ, ਵਿਦਿਆਰਥੀਆਂ ਵਿਚ ਸਮਾਰਟ ਫੋਨ ਵੀ ਵੰਡੇ ਹੋਏ ਸਨ, ਔਰਤਾਂ ਲਈ ਬੱਸਾਂ ਵਿਚ ਸਫਰ ਵੀ ਮੁਫਤ ਕਰ ਦਿੱਤਾ ਗਿਆ ਸੀ ਪਰ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਕਾਂਗਰਸ ਦੇ ਪ੍ਰਧਾਨ ਨੇ ਹੀ ਆਪਣੀ ਸਰਕਾਰ ਨੂੰ ਭੰਡਣਾ ਸ਼ੁਰੂ ਕਰ ਦਿੱਤਾ। ਇਥੋਂ ਤੱਕ ਕਿ ਚੋਣਾਂ ਤੋਂ ਕੇਵਲ ਚਾਰ ਮਹੀਨੇ ਪਹਿਲਾਂ ਮੁੱਖ ਮੰਤਰੀ ਨੂੰ ਵੀ ਹਟਾ ਦਿੱਤਾ । ਇਸ ਨਾਲ ਵੋਟਰਾਂ ਨੂੰ ਮਾਯੂਸੀ ਹੋਣੀ ਜ਼ਰੂਰੀ ਸੀ ਤੇ ਉਨ੍ਹਾਂ ਅੱਕ ਕੇ ਇਕ ਨਵੀਂ ਪਾਰਟੀ ਨੂੰ ਬਹੁਮੱਤ ਨਾਲ ਜੇਤੂ ਬਣਾ ਦਿੱਤਾ। ਇਹੋ ਹਾਲ ਕਾਂਗਰਸ ਦਾ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਵਿਚ ਹੋਇਆ । ਜੇਕਰ ਕਾਂਗਰਸ ਨੇ ਇੰਡੀਆ ਗੱਠਜੋੜ ਨਾਲ ਰਲ ਕੇ ਚੋਣ ਲੜੀ ਹੁੰਦੀ ਤਾਂ ਜਿੱਤ ਯਕੀਨੀ ਸੀ ਪਰ ਲੀਡਰਾਂ ਵਿਚ ਤਾਕਤ ਦੀ ਭੁੱਖ ਨੇ ਅਜੇਹਾ ਹੋਣ ਨਹੀਂ ਦਿੱਤਾ। ਜਦੋਂ ਕਿ ਬੀ ਜੇ ਪੀ ਵਿਚ ਅਜੇਹਾ ਨਹੀਂ ਹੈ । ਪਾਰਟੀ ਉੱਤੇ ਹਾਈ ਕਮਾਂਡ ਦੀ ਪੂਰੀ ਪਕੜ ਹੈ ਜਿਹੜੀ ਕਿ ਜਿੱਤ ਲਈ ਜ਼ਰੂਰੀ ਹੈ ।

ਮੋਦੀ ਸਰਕਾਰ ਵੱਲੋਂ ਆਪਣੇ ਕੀਤੇ ਕੰਮਾਂ ਦੇ ਪ੍ਰਚਾਰ ਦੀ ਹਨੇਰੀ ਵਗਾ ਦਿੱਤੀ ਹੈ, ਜਿਸ ਦਾ ਆਮ ਲੋਕਾਂ ਉੱਤੇ ਪ੍ਰਭਾਵ ਲਾਜ਼ਮੀ ਹੈ । ਸਰਕਾਰ ਵੱਲੋਂ ਅੱਸੀ ਕਰੋੜ ਲੋਕਾਂ ਨੂੰ ਮੁਫਤ ਅਨਾਜ ਦਿੱਤਾ ਜਾ ਰਿਹਾ ਹੈ। ਦਸ ਕਰੋੜ ਤੋਂ ਵੱਧ ਕਿਸਾਨਾਂ ਦੀ ਮਾਲੀ ਸਹਾਇਤਾ ਹੋ ਰਹੀ ਹੈ । ਗਰੀਬਾਂ ਨੂੰ ਮੁਫਤ ਗੈਸ, ਹਸਪਤਾਲਾਂ ਵਿਚ ਇਲਾਜ ਤੇ ਘਰਾਂ ਵਿਚ ਪਖਾਨੇ ਬਣਾ ਕੇ ਦਿੱਤੇ ਜਾ ਰਹੇ ਹਨ। ਮੁਫਤ ਦੀਆਂ ਰਿਉੜੀਆਂ ਦੀ ਆਦਤ ਸਾਰੀਆਂ ਪਾਰਟੀਆਂ ਨੇ ਲੋਕਾਂ ਨੂੰ ਪਾ ਦਿੱਤੀ ਹੈ । ਇਸ ਨੂੰ ਉਹ ਸਰਕਾਰ ਦੀਆਂ ਗਾਰੰਟੀਆਂ ਆਖਦੇ ਹਨ। ਪਰ ਬੀ ਜੇ ਪੀ ਹੱਥ ਤਾਕਤ ਹੈ। ਉਸ ਲੋਕਾਂ ਲਈ ਮੁਫਤ ਦੀਆਂ ਸਹੂਲਤਾਂ ਵਿਚ ਇਤਨਾ ਵਾਧਾ ਕੀਤਾ ਹੈ ਕਿ ਕੋਈ ਵੀ ਹੋਰ ਖੇਤਰੀ ਪਾਰਟੀ ਅਜੇਹਾ ਨਹੀਂ ਕਰ ਸਕਦੀ ।

ਦੇਸ਼ ਵਿਚ ਹੁਣ ਚੋਣਾਂ ਪਾਰਟੀਆਂ ਵੱਲੋਂ ਆਪਣੇ ਫਲਸਫੇ ਦੇ ਅਧਾਰ ਉੱਤੇ ਨਹੀਂ ਲੜੀਆਂ ਜਾਂਦੀਆਂ ਸਗੋਂ ਮੁਫਤ ਦੀਆਂ ਸਹੂਲਤਾਂ ਦੇਣ ਦੀਆਂ ਗਾਰੰਟੀਆਂ ਦੇ ਆਧਾਰ ਉੱਤੇ ਲੜੀਆਂ ਜਾਂਦੀਆਂ ਹਨ । ਰਾਜਾਂ ਤੇ ਕੇਂਦਰ ਦੀਆਂ ਸਰਕਾਰਾਂ ਕੋਲ ਇਤਨੇ ਮਾਇਕ ਵਸੀਲੇ ਨਹੀਂ ਹਨ ਕਿ ਇਹ ਵਾਹਿਦੇ ਪੂਰੇ ਕੀਤੇ ਜਾ ਸਕਣ ਇੰਝ ਕਰਜ਼ਾ ਲੈਣ ਦਾ ਸਹਾਰਾ ਲਿਆ ਜਾਂਦਾ ਹੈ । ਹੁਣ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ । ਪਰ ਇਸ ਦਾ ਕਿਸੇ ਵੀ ਲੀਡਰ ਨੂੰ ਫਿਕਰ ਨਹੀਂ ਹੈ । ਉਨ੍ਹਾਂ ਨੂੰ ਤਾਂ ਸਿਰਫ ਆਪਣੀ ਕੁਰਸੀ ਦਾ ਫਿਕਰ ਹੈ। ਦੇਸ਼ ਦੇ ਨਾਗਰਿਕਾਂ ਨੂੰ ਇਸ ਕਾਬਿਲ ਨਹੀਂ ਬਣਾਇਆ ਜਾ ਰਿਹਾ ਕਿ ਉਹ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰ ਸਕਣ । ਇਕ ਤਰ੍ਹਾਂ ਨਾਲ ਮੰਗਤੇ ਬਣਾਇਆ ਜਾ ਰਿਹਾ ਹੈ । ਲੋਕਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਦੀ ਥਾਂ ਮੁਫਤ ਦੀ ਰੋਟੀ ਖਾਣ ਵਾਲੇ ਪਾਸੇ ਵੱਲ ਧੱਕਿਆ ਜਾ ਰਿਹਾ ਹੈ। ਇੰਝ ਲੋਕਾਂ ਵਿਚੋਂ ਸਵੈ-ਭਰੋਸਾ ਅਤੇ ਕਿਰਤ ਦਾ ਸਤਿਕਾਰ ਖਤਮ ਹੋ ਰਿਹਾ ਹੈ। ਦੇਸ਼ ਵਿਚ ਲੋਕਰਾਜ ਦੀ ਮਜ਼ਬੂਤੀ ਲਈ ਲੋਕਾਂ ਵਿਚ ਸਵੈ-ਭਰੋਸਾ ਅਤੇ ਇਮਾਨਦਾਰੀ ਨਾਲ ਮਿਹਨਤ ਕਰਨ ਦੀ ਲਗਨ ਦਾ ਹੋਣਾ ਜਰੂਰੀ ਹੈ ਪਰ ਸਾਡੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ ਇਸ ਪਾਸੇ ਸੋਚਣ ਦੀ ਥਾਂ ਕੇਵਲ ਇਕ ਦੂਜੇ ਦੇ ਮੁਕਾਬਲੇ ਮੁਫਤ ਦੀਆਂ ਸਹੂਲਤਾਂ ਦੇਣ ਦਾ ਐਲਾਨ ਕਰਦੀਆਂ ਹਨ ।

ਮੋਦੀ ਸਰਕਾਰ ਨੇ ਆਪਣੇ ਵੋਟ ਬੈਂਕ ਨੂੰ ਪੱਕਿਆਂ ਕਰਨ ਲਈ ਸ੍ਰੀ ਰਾਮ ਮੰਤਰ ਦਾ ਉਦਘਾਟਨ ਕਰਵਾ ਲਿਆ ਹੈ । ਵੋਟਰਾਂ ਉੱਤੇ ਇਸ ਦਾ ਪ੍ਰਭਾਵ ਪੈਣਾ ਲਾਜ਼ਮੀ ਹੈ । ਮੌਜੂਦਾ ਹਾਲਾਤ ਨੂੰ ਵੇਖ ਇੰਝ ਜਾਪਦਾ ਹੈ ਕਿ ਮੋਦੀ ਲਹਿਰ ਦਾ ਮੁਕਾਬਲਾ ਕਰਨਾ ਇਤਨਾ ਆਸਾਨ ਨਹੀਂ ਹੈ । ਕਾਂਗਰਸ ਕੋਲ ਕੇਵਲ ਪ੍ਰਭਾਵਸ਼ਾਲੀ ਲੀਡਰਸ਼ਿਪ ਦੀ ਹੀ ਘਾਟ ਨਹੀਂ ਹੈ ਸਗੋਂ ਵਸੀਲਿਆਂ ਦੀ ਵੀ ਘਾਟ ਹੈ । ਚੋਣਾਂ ਇਤਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਬਹੁਤੇ ਲੀਡਰ ਦੁੱਧ ਧੋਤੇ ਨਹੀਂ ਹਨ । ਉਨ੍ਹਾਂ ਉੱਤੇ ਕੇਂਦਰੀ ਏਜੰਸੀਆਂ ਦੀ ਤਲਵਾਰ ਵੀ ਲਟਕਦੀ ਹੈ। ਇਸ ਕਰਕੇ ਉਹ ਖੁਲ੍ਹ ਕੇ ਸਰਕਾਰ ਦਾ ਵਿਰੋਧ ਕਰਨ ਤੋਂ ਸੰਕੋਚ ਕਰਨਗੇ । ਅਸਲ ਵਿਚ ਇਸ ਵੇਲੇ ਦੇਸ਼ ਨੂੰ ਅਜੇਹੀ ਸਰਕਾਰ ਦੀ ਲੋੜ ਹੈ ਜਿਸ ਦਾ ਧਿਆਨ ਨਾਗਰਿਕਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਉੱਤੇ ਕੇਂਦਰਿਤ ਹੋਵੇ । ਤੁਸੀਂ ਇਕ ਚੀਨੀ ਕਹਾਵਤ ਜਾ ਜ਼ਰੂਰ ਸੁਣੀ ਹੋਵੇਗੀ ਕਿ ਜੇਕਰ ਤੁਸੀਂ ਕਿਸੇ ਨੂੰ ਇਕ ਡੰਗ ਦੀ ਰੋਟੀ ਦੇਣਾ ਚਾਹੁੰਦੇ ਹੋ ਤਾਂ ਇਕ ਮੱਛੀ ਦਾਨ ਕਰ ਦੇਵੋ ਪਰ ਜੇਕਰ ਉਸ ਨੂੰ ਉਮਰ ਭਰ ਦੀਆਂ ਰੋਟੀਆਂ ਦੇਣਾ ਚਾਹੁੰਦੇ ਹੋ ਤਾਂ ਉਸ ਨੂੰ ਮੱਛੀ ਫੜਨ ਦੀ ਜਾਚ ਸਿਖਾਵੋ ਅਤੇ ਮੱਛੀ ਫੜਨ ਦਾ ਮੌਕਾ ਪ੍ਰਦਾਨ ਕਰੋ । ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਤਰੱਕੀ ਕਰ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਅਜੇ ਦੇਸ਼ ਦੀ ਘੱਟੋ ਘੱਟ ਇਕ ਤਿਹਾਈ ਵਸੋਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ । ਇਸ ਕਰਕੇ ਸਰਕਾਰ ਨੂੰ ਵੱਡੇ ਕਾਰਖਾਨੇ ਲਗਾਉਣ ਦੀ ਥਾਂ ਛੋਟੇ ਉਦਯੋਗ ਸਥਾਪਿਤ ਕਰਨ ਲਈ ਲੋਕਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਰੁਜ਼ਗਾਰ ਦੇ ਵਸੀਲਿਆਂ ਵਿਚ ਵਾਧਾ ਕੀਤਾ ਜਾ ਸਕੇ । ਇਸ ਪਾਸੇ ਹੁਨਰ ਸਿਖਲਾਈ ਕੇਂਦਰ ਸਥਾਪਿਤ ਕਰਕੇ ਅਤੇ ਕਰਜ਼ੇ ਦੀਆਂ ਸਹੂਲਤਾਂ ਵਿਚ ਵਾਧਾ ਕਰਕੇ ਯਤਨ ਤਾਂ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਨੂੰ ਹੋਰ ਮਜ਼ਬੂਤ ਅਤੇ ਅਮਲੀ ਬਨਾਉਣ ਦੀ ਲੋੜ ਹੈ ।

ਇਸ ਦੇ ਨਾਲ ਹੀ ਲੋਕਰਾਜ ਦੀ ਸੁਰੱਖਿਆ ਅਤੇ ਲੋਕ ਭਲਾਈ ਕਾਰਜਾਂ ਵਿਚ ਤੇਜ਼ੀ ਲਈ ਮਜ਼ਬੂਤ ਵਿਰੋਧੀ ਧਿਰ ਦੀ ਵੀ ਲੋੜ ਜਰੂਰੀ ਹੈ। ਮੋਦੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਵਿਰੋਧ ਨੂੰ ਬਿਲਕੁਲ ਖਤਮ ਕਰਨ ਦਾ ਯਤਨ ਨਾ ਕੀਤਾ ਜਾਵੇ ਸਗੋਂ ਉਨ੍ਹਾਂ ਤੋਂ ਪਾਰਲੀਮੈਂਟ ਵਿਚ ਸੁਝਾਵ ਲੈ ਕੇ ਲੋਕ ਭਲਾਈ ਪ੍ਰੋਗਰਾਮ ਨੂੰ ਹੋਰ ਵਧੀਆ ਬਣਾਇਆ ਜਾਵੇ। ਵਿਰੋਧੀ ਪਾਰਟੀਆਂ ਨੂੰ ਵੀ ਆਪਣੇ ਨਿੱਜੀ ਲਾਭ ਤਿਆਗ ਇਕੱਠੇ ਹੋ ਕੇ ਚੋਣ ਲੜਨੀ ਚਾਹੀਦੀ ਹੈ ਤਾਂ ਜੋ ਜੇਕਰ ਜਿੱਤ ਪ੍ਰਾਪਤ ਵੀ ਨਾ ਹੋ ਸਕੇ ਪਰ ਪਾਰਲੀਮੈਂਟ ਵਿਚ ਇਕ ਮਜ਼ਬੂਤ ਵਿਰੋਧੀ ਧਿਰ ਬਣ ਸਕੇ ਜਿਸ ਦਾ ਹੋਣਾ ਲੋਕਰਾਜ ਵਿਚ ਜ਼ਰੂਰੀ ਸਮਝਿਆ ਜਾਂਦਾ ਹੈ । ਇਸ ਸਮੇਂ ਪਾਰਲੀਮੈਂਟ ਵਿਚ ਜੋ ਹੋ ਰਿਹਾ ਹੈ ਉਹ ਸਾਡੇ ਸਾਹਮਣੇ ਹੈ । ਸਪੀਕਰ ਨੂੰ ਸੈਸ਼ਨ ਮੁਲਤਵੀ ਕਰਨੀ ਪੈਂਦਾ ਹੈ। ਇੰਝ ਪਾਰਲੀਮੈਂਟ ਵਿਚ ਕਿਸੇ ਵੀ ਬਿਲ ਉੱਤੇ ਚਰਚਾ ਹੁੰਦੀ ਹੀ ਨਹੀਂ। ਵਿਰੋਧੀ ਧਿਰ ਮੈਂਬਰ ਵਿਚ ਪਾਰਲੀਮੈਂਟ ਵਿਚ ਆਪਣੇ ਵਿਚਾਰ ਰੱਖਣਾ ਦਾ ਯਤਨ ਨਹੀਂ ਕਰਦੇ ਸਗੋਂ ਅੜੀਅਲ ਰਵੱਈਆ ਅਪਨਾਕੇ ਸ਼ੋਰ ਸ਼ਰਾਬੇ ਵਿਚ ਸਦਨ ਵਿਚੋਂ ਬਾਹਰ ਆ ਜਾਂਦੇ ਹਨ । ਸੰਬੰਧਿਤ ਮੰਤਰੀ ਨਵਾਂ ਬਿਲ ਲੋਕ ਸਭਾ ਵਿਚ ਬਿਲ ਪੇਸ਼ ਕਰਦਾ ਹੈ। ਸੱਤਾਧਾਰੀ ਧਿਰ ਕੋਲ ਸੰਪੂਰਨ ਬਹੁਮਤ ਹੈ ਤੇ ਬਿਲ ਬਿਨਾਂ ਕਿਸੀ ਚਰਚਾ ਤੋਂ ਪਾਸ ਹੋ ਜਾਂਦਾ ਹੈ ।


ਅਸਲ ਵਿਚ ਸਦਨ ਵਿਚ ਗਲਬਾਤ ਨੂੰ ਬਹਿਸ ਆਖਿਆ ਜਾਂਦਾ ਹੈ ਜੋ ਠੀਕ ਨਹੀਂ ਹੈ। ਬਹਿਸ ਦਾ ਮਤਲਬ ਹੈ ਕਿ ਇਕ ਦੂਜੇ ਨੂੰ ਗਲਤ ਸਾਬਿਤ ਕਰਨਾ । ਅਸਲ ਵਿਚ ਸਦਨ ਵਿਚ ਵਿਚਾਰ ਚਰਚਾ ਹੋਣੀ ਚਾਹੀਦੀ ਹੈ । ਵਿਰੋਧੀ ਧਿਰ ਨੂੰ ਕੇਵਲ ਵਿਰੋਧ ਕਰਨ ਲਈ ਹੀ ਵਿਰੋਧ ਨਹੀਂ ਕਰਨਾ ਚਾਹੀਦਾ ਸਗੋਂ ਸਰਕਾਰ ਦੇ ਵਧੀਆ ਫੈਸਲਿਆਂ ਦੀ ਹਮਾਇਤ ਕਰਨੀ ਚਾਹੀਦੀ ਹੈ ਅਤੇ ਪੇਸ਼ ਹੋਏ ਬਿਲ ਵਿਚ ਸੁਧਾਰ ਲਈ ਸੁਝਾਵ ਪੇਸ਼ ਕਰਨੇ ਚਾਹੀਦੇ ਹਨ । ਪਰ ਹੁਣ ਅਜਿਹਾ ਨਹੀਂ ਹੁੰਦਾ । ਇਹ ਸਥਿਤੀ ਲੋਕਰਾਜ ਦੇ ਹੱਕ ਵਿਚ ਨਹੀਂ ਹੈ। ਇਕ ਸੁਲਝੀ ਹੋਈ ਵਿਰੋਧੀ ਧਿਰ ਦਾ ਸਦਨ ਵਿਚ ਹੋਣਾ ਜ਼ਰੂਰੀ ਹੈ ।

**ਮੋਦੀ ਸਰਕਾਰ ਵੱਲੋਂ ਆਪਣੇ ਕੀਤੇ ਕੰਮਾਂ ਦੇ ਪ੍ਰਚਾਰ ਦੀ ਹਨੇਰੀ ਵਗਾ ਦਿੱਤੀ ਹੈ, ਜਿਸ ਦਾ ਆਮ ਲੋਕਾਂ ਉੱਤੇ ਪ੍ਰਭਾਵ ਲਾਜ਼ਮੀ ਹੈ । ਸਰਕਾਰ ਵੱਲੋਂ ਅੱਸੀ ਕਰੋੜ ਲੋਕਾਂ ਨੂੰ ਮੁਫਤ ਅਨਾਜ ਦਿੱਤਾ ਜਾ ਰਿਹਾ ਹੈ । ਦਸ ਕਰੋੜ ਤੋਂ ਵੱਧ ਕਿਸਾਨਾਂ ਦੀ ਮਾਲੀ ਸਹਾਇਤਾ ਹੋ ਰਹੀ ਹੈ । ਗਰੀਬਾਂ ਨੂੰ ਮੁਫਤ ਗੈਸ, ਹਸਪਤਾਲਾਂ ਵਿਚ ਇਲਾਜ ਤੇ ਘਰਾਂ ਵਿਚ ਪਖਾਨੇ ਬਣਾ ਕੇ ਦਿੱਤੇ ਜਾ ਰਹੇ ਹਨ । ਮੁਫਤ ਦੀਆਂ ਰਿਉੜੀਆਂ ਦੀ ਆਦਤ ਸਾਰੀਆਂ ਪਾਰਟੀਆਂ ਨੇ ਲੋਕਾਂ ਨੂੰ ਪਾ ਦਿੱਤੀ ਹੈ । ਇਸ ਨੂੰ ਉਹ ਸਰਕਾਰ ਦੀਆਂ ਗਾਰੰਟੀਆਂ ਆਖਦੇ ਹਨ । ਪਰ ਬੀ ਜੇ ਪੀ ਹੱਥ ਤਾਕਤ ਹੈ । ਉਸ ਲੋਕਾਂ ਲਈ ਮੁਫਤ ਦੀਆਂ ਸਹੂਲਤਾਂ ਵਿਚ ਇਤਨਾ ਵਾਧਾ ਕੀਤਾ ਹੈ ਕਿ ਕੋਈ ਵੀ ਹੋਰ ਖੇਤਰੀ ਪਾਰਟੀ ਅਜੇਹਾ ਨਹੀਂ ਕਰ ਸਕਦੀ ।**

# ਖੇਤਾਂ 'ਚ ਲੱਗੇ ਬਿਜਲੀ ਦੇ ਖੰਬੇ : ਕਿਸਾਨਾਂ ਨੂੰ ਮੁਆਵਜ਼ਾ ਕਦੋਂ ਮਿਲੇਗਾ

ਕਿਸਾਨਾਂ ਦੇ ਖੇਤਾਂ 'ਚ ਪੀ. ਜੀ. ਸੀ. ਆਈ. ਐੱਲ (ਪਾਵਰ ਗ੍ਰਿੱਡ ਕਾਰਪੋਰਸ਼ਨ ਆਫ ਇੰਡੀਆ ਲਿਮਟਿਡ) ਵੱਲੋਂ ਵਿਛਾਈਆਂ ਗਈਆਂ ਬਿਜਲੀ ਦੀਆਂ ਲਾਈਨਾਂ ਅਤੇ ਵਿਸ਼ਾਲ ਖੰਬਿਆਂ ਦਾ ਇਕ ਸੰਘਣਾ ਜਾਲ ਹੈ । ਇਸ ਨਾਲ ਕਿਸਾਨ ਨੂੰ ਭਾਰੀ ਨੁਕਸਾਨ ਹੋਇਆ ਹੈ ਅਤੇ ਉਸ ਦੀ ਕੀਮਤੀ ਜ਼ਮੀਨ ਦਾ ਵੀ ਮੁੱਲ ਘਟਿਆ ਹੈ ਕਿਉਕਿ ਕੁਝ ਪਾਬੰਦੀਆਂ ਵੀ ਲਾਈਆਂ ਗਈਆਂ ਹਨ ।

ਇਸ ਸਬੰਧ 'ਚ ਅਕਤੂਬਰ 2015 'ਚ ਭਾਰਤ ਸਰਕਾਰ ਦੇ ਊਰਜਾ ਮੰਤਰਾਲਾ ਨੇ ਸਾਰੇ ਸੂਬਿਆਂ ਨੂੰ ਇਸ ਨਾਲ ਹੋਏ ਨੁਕਸਾਨ ਜਾਰੀ ਕੀਤੇ ਸਨ । ਇਹ ਮੁਆਵਜਾ ਪੂਰੀ ਤਰ੍ਹਾਂ ਭਾਰਤ ਸਰਕਾਰ ਦੇ ਉਪਕ੍ਰਮ ਪੀ. ਜੀ. ਸੀ. ਆਈ. ਐੱਲ ਵੱਲੋਂ ਦਿੱਤਾ ਜਾਣਾ ਹੈ। ਸੂਬਾ ਸਰਕਾਰ ਨੇ ਇਕ ਵੀ ਰੁਪਇਆ ਨਹੀਂ ਚੁਣਿਆ ਅਤੇ ਮੁਆਵਜ਼ੇ ਦਾ ਲੇਖਾ-ਜੋਖਾ ਨਹੀਂ ਕੀਤਾ ।



ਦਿਸ਼ਾ-ਨਿਰਦੇਸ਼ ਅਕਤੂਬਰ 2015 'ਚ ਜਾਰੀ ਕੀਤੇ ਗਏ ਸਨ, ਜਦ ਅਕਾਲੀ-ਭਾਜਪਾ ਗੱਠਜੋੜ (2012-2017) ਪੰਜਾਬ 'ਚ ਰਾਜ ਕਰ ਰਿਹਾ ਸੀ । 2017-2022 ਤੱਕ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਵੀ ਕੋਈ ਪਹਿਲ ਨਹੀਂ ਕੀਤੀ। 2022 ਤੋਂ ਆਮ ਆਦਮੀ ਪਾਰਟੀ (ਆਪ) ਸੱਤਾ 'ਚ ਹੈ । ਉਹ ਵੀ ਕੁਝ ਕਰਦੀ ਨਜ਼ਰ ਨਹੀਂ ਆ ਰਹੀ। ਇਸ ਨੂੰ ਦੇਖਦਿਆਂ ਕਿਸ ਸਿਆਸੀ ਪਾਰਟੀ ਨੂੰ ਕਿਸਾਨ ਹਿੱਤੂ ਕਿਹਾ ਜਾ ਸਕਦਾ ਹੈ ?

ਇਸ ਤਰ੍ਹਾਂ ਅਕਤੂਬਰ 2015 'ਚ, ਮੋਦੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੇ 8 ਸਾਲ ਤੋਂ ਵੱਧ ਸਮਾਂ ਬੀਤ ਜਾਣ ਪਿੱਛੋਂ ਵੀ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਨਹੀਂ ਕੀਤਾ । ਕੀ ਮੋਦੀ ਸਰਕਾਰ ਨੋਟਿਸ ਲੈ ਕੇ ਪੰਜਾਬ ਸਰਕਾਰ ਨੂੰ ਇਸ ਪਿਛਲੇ ਕਾਰਨਾਂ ਬਾਰੇ ਸਵਾਲ ਨਹੀਂ ਕਰ ਸਕਦੀ ? ਜੇ ਪੰਜਾਬ ਸਰਕਾਰ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਨਹੀਂ ਕਰ ਰਹੀ ਤਾਂ ਕਿ ਭਾਰਤ ਸਰਕਾਰ ਸਿੱਧੇ ਪੀ.ਜੀ.ਸੀ.ਆਈ.ਐੱਲ. ਨੂੰ ਮੁਆਵਜ਼ੇ ਦਾ ਮੁਲਾਂਕਣ ਕਰਨ ਅਤੇ ਸਬੰਧਤ ਕਿਸਾਨਾਂ ਨੂੰ ਭੁਗਤਾਨ ਕਰਨ ਦਾ ਹੁਕਮ ਨਹੀਂ ਦੇ ਸਕਦੀ ?

ਪੀੜਤ ਕਿਸਾਨ ਆਪਣਾ ਬਕਾਇਆ ਲੈਣ ਦੇ ਮਾਮਲੇ 'ਚ ਬੇਵੱਸ ਹਨ। ਉਨ੍ਹਾਂ ਦੀ ਜ਼ਮੀਨ ਨੂੰ ਭਾਰੀ ਨੁਕਸਾਨ ਹੋਇਆ ਹੈ । ਪੰਜਾਬ ਸਰਕਾਰ ਮੁਆਵਜ਼ੇ ਦਾ ਮੁਲਾਂਕਣ ਕਰਨ ਲਈ ਤਿਆਰ ਨਹੀਂ ਹੈ ਅਤੇ ਪੀ.ਜੀ.ਸੀ.ਆਈ.ਐੱਲ. ਮੁਆਵਜ਼ੇ ਦੇ ਮੁਲਾਂਕਣ ਦੀ ਘਾਟ 'ਚ ਇਸ ਦਾ ਭੁਗਤਾਨ ਨਹੀਂ ਕਰ ਸਕਦੀ । ਗਰੀਬ ਕਿਸਾਨ ਨੂੰ ਉਸ ਦਾ ਹੱਕ ਕਿਵੇਂ ਮਿਲੇਗਾ ?

**ਐੱਸ. ਕੇ. ਮਿੱਤਲ**

# ਮਾਰਚ ਮਹੀਨੇ ਦੇ ਬਾਗਬਾਨੀ ਰੁਝੇਵੇਂ

ਮਾਰਚ ਮਹੀਨਾ ਗਰਮ ਰੁੱਤ ਦੀ ਸ਼ੁਰੂਆਤ ਦਾ ਮਹੀਨਾ ਹੁੰਦਾ ਹੈ। ਇਸ ਮਹੀਨੇ ਬੂਟਿਆਂ 'ਤੇ ਨਵੇਂ ਪੱਤੇ, ਨਵੀਆਂ ਟਾਹਣੀਆਂ, ਫੁੱਲ ਤੇ ਛੋਟੇ ਫਲ ਵੇਖਣ ਨੂੰ ਮਿਲਦੇ ਹਨ। ਇਸ ਮਹੀਨੇ ਦੇ ਪਹਿਲੇ ਅੱਧ ਤੱਕ ਸਦਾਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ ਦੇ ਬੂਟੇ, ਅੰਬ, ਅਮਰੂਦ, ਬੇਰ, ਲੁਕਾਠ ਆਦਿ ਨੂੰ ਲਗਾਇਆ ਜਾ ਸਕਦਾ ਹੈ। ਫਲਦਾਰ ਬੂਟੇ ਹਮੇਸ਼ਾ



ਬਾਗਬਾਨੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਨਰਸਰੀਆਂ ਤੋਂ ਹੀ ਖਰੀਦੋ। ਸੜਕ ਛਾਪ ਜਾਂ ਸਾਇਕਲਾਂ 'ਤੇ ਬੂਟੇ ਵੇਖਣ ਵਾਲਿਆਂ ਤੋਂ ਨਾ ਲਓ। ਬੂਟੇ ਲਾਉਣ ਤੋਂ ਪਹਿਲਾਂ ਫਾਸਲੇ ਦਾ ਧਿਆਨ ਜ਼ਰੂਰ ਰੱਖੋ।

ਜੇ ਬਾਗ ਲਾਉਣਾ ਹੈ ਤਾਂ 7 ਫੁੱਟ ਤੱਕ ਵੱਖ-ਵੱਖ ਡੂੰਘਾਈ ਤੋਂ ਮਿੱਟੀ ਦੇ ਨਮੂਨੇ ਲੈ ਕੇ ਪਰਖ ਕਰਵਾ ਲੈਣੀ ਚਾਹੀਦੀ ਹੈ। ਇਸ ਮਹੀਨੇ 'ਚ ਸਦਾਬਹਾਰ ਫਲਦਾਰ ਬੂਟੇ ਲਾਉਣੇ, ਗਰਮ ਰੁੱਤ ਦੀਆਂ ਸਬਜ਼ੀਆਂ ਲਾਉਣੀਆਂ, ਗਰਮ ਰੁੱਤ ਦੇ ਫੁੱਲ ਤੇ ਸਜਾਵਟੀ ਰੁੱਖਾਂ ਦੀ ਸੰਭਾਲ, ਸ਼ਹਿਦ ਵਾਲੀਆਂ ਮੱਖੀਆਂ ਦੇ ਬਕਸਿਆਂ ਦੀ ਸੰਭਾਲ ਤੇ ਗਰਮ ਰੁੱਤ ਦੀਆਂ ਖੁੰਬਾਂ ਦੀ ਕਾਸ਼ਤ ਲਈ ਤਿਆਰੀ ਤੇ ਕਿਸਾਨ ਮੇਲਿਆਂ 'ਚ ਹਾਜ਼ਰੀ ਭਰਨੀ ਵੀ ਅਹਿਮ ਕਾਰਜ ਹਨ।

**ਸਦਾਬਹਾਰ ਫਲਦਾਰ ਬੂਟੇ**

ਸਦਾਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ ਦੇ ਬੂਟੇ, ਅੰਬ, ਅਮਰੂਦ, ਬੇਰ, ਲੁਕਾਠ ਆਦਿ ਇਸ ਮਹੀਨੇ ਲਾਏ ਜਾ ਸਕਦੇ ਹਨ। ਫਲਦਾਰ ਬੂਟੇ ਹਮੇਸ਼ਾਂ ਬਾਗਬਾਨੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਰਜਿਸਟਰਡ ਨਰਸਰੀਆਂ ਤੋਂ ਹੀ ਖਰੀਦੋ। ਬੂਟੇ ਲਾਉਣ ਤੋਂ ਪਹਿਲਾਂ ਫਾਸਲੇ ਦਾ ਧਿਆਨ ਜ਼ਰੂਰ ਰੱਖੋ।

ਜੇ ਬਾਗ ਲਾਉਣਾ ਹੈ ਤਾਂ ਬਾਗਬਾਨੀ ਮਾਹਿਰਾਂ ਦੀ ਸਲਾਹ ਨਾਲ 7 ਫੁੱਟ ਤੱਕ ਵੱਖ-ਵੱਖ ਡੂੰਘਾਈ ਤੋਂ ਮਿੱਟੀ ਦੇ ਨਮੂਨੇ ਲੈ ਕੇ ਪਰਖ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ ਅਤੇ ਰਿਪੋਰਟ ਦੇ ਆਧਾਰ 'ਤੇ ਹੀ ਫਲਦਾਰ ਬੂਟਿਆਂ ਦੀ ਚੋਣ ਕਰਨੀ ਚਾਹੀਦੀ ਹੈ। ਬੂਟੇ ਲਾਉਣ ਸਮੇਂ ਉਨ੍ਹਾਂ ਵਿਚਕਾਰ ਉਚਿਤ ਫਾਸਲਾ ਰੱਖਣਾ ਵੀ ਬਹੁਤ ਜ਼ਰੂਰੀ ਹੈ। ਨਵੇਂ ਲਾਏ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀ ਦਾ ਸਹਾਰਾ ਦਿਓ ਤੇ ਸਿੰਚਾਈ ਦਾ ਖਾਸ ਖਿਆਲ ਰੱਖੋ। ਬੂਟੇ ਦੀ ਪਿਉਂਦ ਤੋਂ ਹੇਠਾਂ ਵਾਲੇ ਭਾਗ 'ਤੇ ਨਿਕਲ ਰਹੀਆਂ ਸ਼ਾਖਾਵਾਂ ਨੂੰ ਤੋੜਦੇ ਰਹੋ।

ਬੇਰ, ਅਮਰੂਦ, ਲੁਕਾਠ ਦੇ ਬੂਟਿਆਂ 'ਚ ਫਲ ਦੇ ਆਕਾਰ ਵਧੇ ਲਈ ਲੋੜ ਅਨੁਸਾਰ ਪਾਣੀ ਦਿਉ। ਪਹਿਲੇ ਹਫਤੇ ਬੇਰ ਦੇ ਫਲਾਂ ਦਾ ਰੰਗ ਬਦਲਣ ਸਮੇਂ 1 ਮਿਲੀਲੀਟਰ ਐਥੀਫੋਨ ਦਵਾਈ ਪ੍ਰਤੀ ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ ਤਾਂ ਕਿ ਫਲ ਦੋ ਹਫਤੇ ਪਹਿਲਾਂ ਪੱਕ ਜਾਣ।

ਨਿੰਬੂ ਜਾਤੀ ਬੂਟਿਆਂ ਦੇ ਸਿਟਰਸ ਸਿੱਲਾ ਤੇ ਚੇਪੇ ਤੋਂ ਬਚਾਅ ਲਈ 2.5 ਮਿਲੀਲੀਟਰ ਰੋਗਰ 30 ਤਾਕਤ ਜਾਂ 0.4 ਮਿਲੀਲੀਟਰ ਕਨਫੀਡੋਰ 17.8 ਐੱਸ ਐੱਲ ਜਾਂ 0.3 ਗ੍ਰਾਮ ਐਕਟਾਰਾ 25 ਤਾਕਤ ਤੇ ਬੂਟਿਆਂ ਦੀਆਂ ਟਾਹਣੀਆਂ ਸੁੱਕ ਜਾਣ ਦੇ ਰੋਗ ਤੋਂ ਬਚਾਅ ਲਈ 3 ਗ੍ਰਾਮ ਕਾਪਰ ਆਕਸੀਕਲੋਰਾਈਡ ਨੂੰ 1 ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ।

ਅੰਬ ਦੇ ਬੂਟਿਆਂ ਨੂੰ ਫੁੱਲ ਆਉਣ 'ਤੇ ਛੜੱਪਾਮਾਰ ਤੇਲੇ ਅਤੇ ਚਿੱਟੇ ਰੋਗ ਦੀ ਰੋਕਥਾਮ ਲਈ 1.6 ਮਿਲੀਲੀਟਰ ਮੈਲਾਥਿਆਨ ਤੇ 2.5 ਗ੍ਰਾਮ ਘੁਲਣਸ਼ੀਲ

ਡਾ. ਸੁਖਦੀਪ ਸਿੰਘ ਹੁੰਦਲ
ਮੋ.75080-18842

ਗੰਧਕ ਜਾਂ 1 ਮਿਲੀਲੀਟਰ ਕੈਰਾਥੇਨ ਫੁੱਲ ਨਿਕਲਣ ਤੋਂ ਬਾਅਦ ਫੁੱਲ-ਪੱਤੀਆਂ ਝੜਨ ਤੱਕ 10 ਦਿਨ ਦੇ ਵਕਫੇ 'ਤੇ 1 ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਘੁਲਣਸ਼ੀਲ ਗੰਧਕ ਦਾ ਛਿੜਕਾਅ 28 ਡਿਗਰੀ ਤਾਪਮਾਨ ਤੱਕ ਜਾਂ ਸ਼ਾਮ ਸਮੇਂ ਹੀ ਕਰੋ। ਨਦੀਨਾਂ ਦੀ ਰੋਕਥਾਮ ਲਈ ਗੋਡੀ ਜ਼ਰੂਰ ਕਰੋ।

**ਗਰਮ ਰੁੱਤ ਦੀਆਂ ਸਬਜ਼ੀਆਂ ਦੀ ਕਾਸ਼ਤ**

ਗਰਮ ਰੁੱਤ ਦੀਆਂ ਸਬਜ਼ੀਆਂ ਦੀ ਕਾਸ਼ਤ ਜੇ ਅਜੇ ਨਹੀਂ ਕੀਤੀ ਤਾਂ ਸਾਨੂੰ ਆਪਣੀਆਂ ਪਰਿਵਾਰਕ ਲੋੜਾਂ ਨੂੰ ਪੂਰਾ ਕਰਨ ਲਈ ਇਨ੍ਹਾਂ ਦੀ ਕਾਸ਼ਤ ਜ਼ਰੂਰ ਕਰਨੀ ਚਾਹੀਦੀ ਹੈ। ਇਸ ਲਈ ਬਾਗਬਾਨੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਸਬਜ਼ੀ ਬੀਜਾਂ ਦੀ ਕਿੱਟ ਲਿਆ ਕੇ ਲਾਉਣੀ ਚਾਹੀਦੀ ਹੈ, ਜਿਸ 'ਚ ਘੀਆ ਕੱਦੂ, ਚੱਪਣ ਕੱਦੂ, ਘੀਆ ਤੋਰੀ, ਕਰੇਲਾ, ਟੀਂਡਾ, ਭਿੰਡੀ, ਲੋਬੀਆ, ਤਰ, ਖੀਰਾ ਆਦਿ ਦੇ ਬੀਜ ਹੁੰਦੇ ਹਨ। ਬਿਜਾਈ ਤੋਂ ਪਹਿਲਾਂ ਕਿਆਰੀ 'ਚ ਦੇਸੀ ਰੂੜੀ ਖਾਦ ਜ਼ਰੂਰ ਪਾ ਲਵੋ। ਭਿੰਡੀ ਦੀ ਕਾਸ਼ਤ ਲਈ ਪੰਜਾਬ ਪਦਮਨੀ, ਪੰਜਾਬ -7, ਪੰਜਾਬ-8 'ਚੋਂ 60 ਗ੍ਰਾਮ ਬੀਜ ਪ੍ਰਤੀ ਮਰਲਾ ਦੇ ਹਿਸਾਬ ਨਾਲ ਬੀਜ ਵਰਤੋ। ਚੰਗੇ ਜੰਮ ਲਈ ਬੀਜ ਰਾਤ ਭਰ ਕੋਸੇ ਪਾਣੀ 'ਚ ਭਿਓਂ ਦਿਓ। ਜ਼ਮੀਨ ਦੀ ਤਿਆਰੀ ਕਰਦੇ ਸਮੇਂ 280 ਗ੍ਰਾਮ ਯੂਰੀਆ ਖਾਦ ਪ੍ਰਤੀ ਮਰਲਾ ਪਾ ਕੇ ਪੂਰਬ ਤੋਂ ਪੱਛਮ ਦੀ ਦਿਸ਼ਾ 'ਚ ਡੇਢ ਫੁੱਟ ਦੀ ਦੂਰੀ 'ਤੇ ਵੱਟਾਂ ਬਣਾ ਕੇ ਦੱਖਣ ਪਾਸੇ ਵੱਲ 4-5 ਪ੍ਰਤੀ ਚੌਕੇ ਦੇ ਹਿਸਾਬ ਨਾਲ ਅੱਧਾ ਫੁੱਟ ਦੀ ਦੂਰੀ 'ਤੇ ਬੀਜੋ। ਲੋਬੀਆ ਦੀ 263 ਕਿਸਮ ਦੀ ਬਿਜਾਈ ਸਮੇਂ 280 ਗ੍ਰਾਮ ਯੂਰੀਆ, 625 ਗ੍ਰਾਮ ਸੁਪਰ ਫਾਸਫੇਟ ਤੇ 100 ਗ੍ਰਾਮ ਪੋਟਾਸ਼ ਖਾਦ ਤੇ 50-60 ਗ੍ਰਾਮ ਬੀਜ ਪ੍ਰਤੀ ਮਰਲਾ ਪਾਓ। ਵੱਟਾਂ 'ਚ ਫਾਸਲਾ ਡੇਢ ਫੁੱਟ ਤੇ ਬੂਟਿਆਂ ਵਿਚਕਾਰ ਫਾਸਲਾ ਅੱਧਾ ਫੁੱਟ ਰੱਖੋ।

ਮਿਰਚਾਂ ਦੀ ਕਿਸਮ ਸੀ ਐਚ 1, ਸੀ ਐਚ 27, ਪੰਜਾਬ ਸੰਧੂਰੀ, ਪੰਜਾਬ ਤੇਜ਼, ਪੰਜਾਬ ਗੁੱਛੇਦਾਰ, ਪੰਜਾਬ ਸੁਰਖ ਦੀ ਬਿਜਾਈ ਕਰੋ। ਕਿਆਰੀ ਦੀ ਤਿਆਰੀ ਤੋਂ ਪਹਿਲਾਂ 250 ਗ੍ਰਾਮ ਯੂਰੀਆ, 470 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 125 ਗ੍ਰਾਮ ਪੋਟਾਸ਼ ਖਾਦ ਪਾਓ ਅਤੇ ਵੱਟਾਂ ਉੱਪਰ ਪਨੀਰੀ ਢਾਈ ਤੇ ਬੂਟਿਆਂ ਵਿਚਕਾਰ ਦੋ ਫੁੱਟ ਬੂਟਿਆਂ ਵਿਚਕਾਰ ਦੋ ਫੁੱਟ ਦੇ ਫਾਸਲੇ 'ਤੇ ਲਾ ਦਿਓ।

**ਟਮਾਟਰ ਦੇ ਬੂਟਿਆਂ ਦਿੰਦੇ ਰਹੋ ਪਾਣੀ**

ਟਮਾਟਰ ਨੂੰ 340 ਗ੍ਰਾਮ ਯੂਰੀਆ



ਦੀ ਦੂਜੀ ਕਿਸ਼ਤ ਪਾ ਦਿਓ ਤੇ 10-12 ਦਿਨ ਬਾਅਦ ਪਾਣੀ ਦਿੰਦੇ ਰਹੋ ਤਾਂ ਕਿ ਵਧੀਆ ਫੁੱਲ ਅਤੇ ਫਲ ਬਣਨ। ਪਛੇਤੇ ਝੁਲਸ ਰੋਗ ਤੋਂ ਬਚਾਅ ਲਈ 3.5 ਗ੍ਰਾਮ ਇੰਡੋਫਿਲ ਐਮ-45 ਦਾ ਛਿੜਕਾਅ ਕਰੋ ਤੇ ਫਲ ਦੇ ਗੜੂੰਏ ਦੀ ਰੋਕਥਾਮ ਲਈ 2 ਮਿਲੀਲੀਟਰ ਇੰਡੋਕਸਾਕਾਰਬ 14.5 ਤਾਕਤ ਜਾਂ 6 ਮਿਲੀਲੀਟਰ ਕਰੀਨਾ 50 ਤਾਕਤ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ।

**ਫੁੱਲ ਅਤੇ ਸਜਾਵਟੀ ਬੂਟੇ**

ਗਰਮ ਰੁੱਤ ਦੇ ਫੁੱਲਾਂ ਜਿਵੇਂ ਕੋਸਮੌਸ, ਗਲਾਰਡੀਆ, ਗੋਮਫਰੀਨਾ, ਕੋਚੀਆ, ਜ਼ੀਨੀਆ, ਮਾਰਚੂਲੈਕਾ ਦੀ ਪਨੀਰੀ ਬੀਜੀ ਜਾ ਸਕਦੀ ਹੈ। ਨਵਾਂ ਘਾਹ ਲਾਉਣ ਦੀ ਤਿਆਰੀ ਵੀ ਇਸੇ ਮਹੀਨੇ ਕੀਤੀ ਜਾ ਸਕਦੀ ਹੈ ਤੇ ਇਸ ਲਈ ਕੋਰੀਅਨ, ਕਲਕੱਤਾ, ਸਿਲੈਕਸ਼ਨ ਨੰ: 1 ਕਿਸਮਾਂ 'ਚੋਂ ਚੋਣ ਕੀਤੀ ਜਾ ਸਕਦੀ ਹੈ। ਨਵੇਂ ਸਜਾਵਟੀ ਰੁੱਖ, ਝਾੜੀਆਂ, ਵੇਲਾਂ ਆਦਿ ਦੇ ਬੂਟੇ ਲਾਏ ਜਾ ਸਕਦੇ ਹਨ। ਰੁੱਖ ਲਾਉਣ ਵਾਸਤੇ ਇੱਕ ਮੀਟਰ ਵਿਆਸ ਦੇ ਅਤੇ ਝਾੜੀਆਂ ਲਈ ਅੱਧਾ ਮੀਟਰ ਵਿਆਸ ਦੇ ਟੋਏ ਪੁੱਟ ਕੇ ਉਸ 'ਚ ਅੱਧੀ ਮਿੱਟੀ ਦੇ ਬਰਾਬਰ ਦੇਸੀ ਰੂੜੀ ਖਾਦ ਪਾ ਕੇ ਦੁਬਾਰਾ ਭਰ ਕੇ ਬੂਟੇ ਲਾ ਦਿਓ। ਗੁਲਾਬ ਦੇ ਬੂਟਿਆਂ ਦੀ ਸਿੰਚਾਈ ਦਾ ਖਾਸ ਖਿਆਲ ਰੱਖੋ ਤਾਂ ਜੋ ਵਧੀਆ ਫੁੱਲ ਪ੍ਰਾਪਤ ਕੀਤੇ ਜਾ ਸਕਣ।

**ਪਿਆਜ਼ 'ਚ ਥਰਿੱਪ ਦੀ ਰੋਕਥਾਮ**

ਪਿਆਜ਼ 'ਚ ਐਗਰੀ ਫਾਊਂਡ ਡਾਰਕ ਰੈੱਡ ਦੀ ਨਰਸਰੀ 'ਚ ਬਿਜਾਈ ਲਈ 30 ਗ੍ਰਾਮ ਬੀਜ ਪ੍ਰਤੀ ਮਰਲਾ ਵਰਤੋ। ਪਿਆਜ਼ 'ਚ ਥਰਿੱਪ ਦੀ ਰੋਕਥਾਮ ਲਈ 4 ਮਿਲੀਲੀਟਰ ਮੈਲਾਥੀਆਨ 50 ਤਾਕਤ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ।

**ਸਟੋਰ 'ਚ ਰੱਖਣ ਤੋਂ ਪਹਿਲਾਂ ਕਰੋ ਛਾਂਟੀ**

ਆਲੂ ਦੇ ਬੀਜ ਵਾਲੀ ਫਸਲ ਨੂੰ ਸਟੋਰ 'ਚ ਰੱਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਛਾਂਟੀ ਕਰ ਲਵੋ ਤੇ ਝੁਲਸ ਰੋਗ, ਖਰੀਂਡ ਤੇ ਧੱਫੜੀ ਰੋਗ ਵਾਲੇ ਦਾਗੀ ਆਲੂਆਂ ਨੂੰ ਬਾਹਰ ਕੱਢ ਕੇ ਨਸ਼ਟ ਕਰ ਦਿਓ।

# ਨਿੰਬੂ ਜਾਤੀ ਦੇ ਬੂਟਿਆਂ ਦੀ ਸਿਧਾਈ ਅਤੇ ਕਾਂਟ-ਛਾਂਟ

ਸਵਰੀਤ ਖਹਿਰਾ ਅਤੇ ਪਰਮਿੰਦਰ ਕੌਰ,
ਫਾਰਮ ਸਲਾਹਕਾਰ ਸੇਵਾ ਕੇਂਦਰ,
ਤਰਨ ਤਾਰਨ।

ਫਲਦਾਰ ਬੂਟਿਆਂ ਦੇ ਕੁਝ ਹਿੱਸੇ ਨੂੰ ਕੱਟਣ ਦੀ ਕਲਾ ਅਤੇ ਇਸ ਦੀ ਸ਼ਕਲ ਜਾਂ ਆਕਾਰ ਨੂੰ ਵਿਕਸਿਤ ਕਰਨਾ, ਜਿਸ ਨਾਲ ਫਲਾਂ ਦੇ ਉਤਪਾਦ ਵਿਚ ਵਾਧਾ ਹੋ ਸਕੇ ਨੂੰ, ਕਾਂਟ-ਛਾਂਟ ਕਿਹਾ ਜਾਂਦਾ ਹੈ। ਕਾਂਟ-ਛਾਂਟ ਹਰ ਫਲ ਲਈ ਵੱਖਰੇ-ਵੱਖਰੇ ਸਮੇਂ 'ਤੇ ਕੀਤੀ ਜਾਂਦੀ ਹੈ, ਜਿਵੇਂ ਨਾਖਾਂ ਦੀ ਜਨਵਰੀ ਵਿਚ, ਬੇਰ ਦੀ ਮਈ ਮਹੀਨੇ, ਅੰਗੂਰ ਦੀਆਂ ਵੇਲਾਂ ਅਤੇ ਨਿੰਬੂ-ਜਾਤੀ ਦੇ ਬੂਟਿਆਂ



ਦੀ ਕਾਂਟ-ਛਾਂਟ ਫਰਵਰੀ ਵਿਚ ਕੀਤੀ ਜਾਂਦੀ ਹੈ। ਕਾਂਟ-ਛਾਂਟ ਬਹੁਤ ਹੀ ਜ਼ਰੂਰੀ ਹੈ, ਕਿਉਂਕਿ ਜ਼ਿਆਦਾ ਸੰਘਣੇਪਣ ਅਤੇ ਸੁੱਕੀਆਂ ਟਾਹਣੀਆਂ ਕਾਰਨ ਆਉਣ ਵਾਲੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਪਰ ਜੇ ਨਰੋਏ ਬੂਟੇ ਦੀ ਵਧੇਰੇ ਕਾਂਟ-ਛਾਂਟ ਹੋ ਜਾਵੇ ਤਾਂ ਝਾੜ ਕਾਫੀ ਘੱਟ ਜਾਂਦਾ ਹੈ। ਕਾਂਟ-ਛਾਂਟ ਸ਼ੁਰੂ ਕਰਨ ਦਾ ਸਮਾਂ ਬੂਟਿਆਂ ਵਿਚਕਾਰ ਫਾਸਲੇ 'ਤੇ ਵੀ ਨਿਰਭਰ ਕਰਦਾ ਹੈ। ਸੰਘਣੇ ਬੂਟਿਆਂ ਵਿਚ ਰੌਸ਼ਨੀ ਨਹੀਂ ਪਹੁੰਚਦੀ, ਨਤੀਜੇ ਵਜੋਂ ਨੀਵੀਆਂ ਟਾਹਣੀਆਂ 'ਤੇ ਫਲ ਨਹੀਂ ਲੱਗਦਾ ਅਤੇ ਸਾਰਾ ਫਲ ਉਪਰਲੀਆਂ ਟਾਹਣੀਆਂ 'ਤੇ ਹੀ ਲੱਗ ਜਾਂਦਾ ਹੈ, ਜਿਸ ਕਾਰਨ ਝਾੜ ਅਤੇ ਗੁਣਵੱਤਾ ਘਟ ਜਾਂਦੀ ਹੈ। ਕਾਂਟ-ਛਾਂਟ ਕਈ ਗੁਣਾਂ 'ਤੇ ਨਿਰਭਰ ਕਰਦੀ ਹੈ, ਜਿਵੇਂ ਕਿਸਮ, ਉਮਰ, ਨਰੋਆਪਣ, ਫਲ ਲੱਗਣ ਦਾ ਸਮਾਂ ਕਾਸ਼ਤ ਦੀ ਅਵਸਥਾ ਅਤੇ ਕਾਸ਼ਤੀ ਢੰਗ। ਸੂਰਜ ਦੀ ਰੌਸ਼ਨੀ ਕਾਰਨ ਹੀ ਪੌਦੇ ਹਵਾ ਵਿਚ ਕਾਰਬਨ ਡਾਈਆਕਸਾਈਡ ਅਤੇ ਜ਼ਮੀਨ ਵਿਚ ਪਾਣੀ ਲੈ ਕੇ ਆਪਣਾ ਭੋਜਨ ਤਿਆਰ ਕਰਦੇ ਹਨ ਅਤੇ ਬੂਟਾ ਵਧਦਾ-ਫੁਲਦਾ ਅਤੇ ਫਲ ਦਿੰਦਾ ਹੈ। ਰੌਸ਼ਨੀ ਫਲ ਦੀ ਗੁਣਵੱਤਾ ਵਧਾਉਣ ਵਿਚ ਵੀ ਸਹਾਈ ਹੁੰਦੀ ਹੈ। ਨਿੰਬੂ-ਜਾਤੀ ਦੇ ਬੂਟੇ ਵਿਚ ਕਾਰਬੋਹਾਈਡਰੇਟ ਪੱਤਿਆਂ, ਕਰੂੰਬਲਾਂ ਅਤੇ ਟਾਹਣੀਆਂ ਵਿਚ ਜਮ੍ਹਾਂ ਰਹਿੰਦਾ ਹੈ। ਬੂਟੇ ਵਿਚ ਸਭ ਤੋਂ ਵੱਧ ਭੋਜਨ, ਫੁਟਾਰੇ ਤੋਂ ਪਹਿਲਾਂ ਬਹਾਰ ਰੁੱਤ ਵਿਚ ਜਮ੍ਹਾਂ ਹੁੰਦਾ ਹੈ। ਭੋਜਨ ਬੂਟਿਆਂ ਦੇ ਪੱਤਿਆਂ ਵਿਚ ਜਮ੍ਹਾਂ ਹੋ ਜਾਂਦਾ ਹੈ। ਲੋੜ ਤੋਂ ਵੱਧ ਕਾਂਟ-ਛਾਂਟ ਫਲ ਦੀ ਪੈਦਾਵਾਰ ਘਟਾ ਦਿੰਦੀ ਹੈ ਕਿਉਂਕਿ ਇਸ ਬਨਸਪਤਿਕ ਵਧੇ ਨੂੰ ਉਤਸ਼ਾਹਿਤ ਕਰਦੀ ਹੈ। ਇਹ ਦੋਵੇਂ ਚੀਜ਼ਾਂ ਕਾਰਬੋਹਾਈਡਰੇਟ ਅਤੇ ਨਾਈਟਰੋਜਨ ਤੱਤ ਦੇ ਤੁਲਨਾਤਮਿਕ ਸੰਬੰਧ 'ਤੇ ਹੀ ਨਿਰਭਰ ਕਰਦੀਆਂ ਹਨ। ਜਦੋਂ ਦੋਵੇਂ ਘੱਟ ਹੋਣ ਤਾਂ ਬੂਟਾ ਵਧਦਾ ਹੈ ਪਰ ਝਾੜ ਘੱਟ ਜਾਂਦਾ ਹੈ। ਕਾਂਟ-ਛਾਂਟ ਸਹੀ ਸਮੇਂ ਅਤੇ ਸੁਚੱਜੇ ਢੰਗ ਨਾਲ ਕਰਨੀ ਚਾਹੀਦੀ ਹੈ। ਬੂਟੇ ਨੂੰ ਵਿਰਲਾ ਕਰਨ ਲਈ ਸੁੱਕੀਆਂ, ਟੇਢੀਆਂ-ਮੇਢੀਆਂ ਅਤੇ ਆਪਸ ਵਿਚ ਫਸੀਆਂ ਟਾਹਣੀਆਂ ਨੂੰ ਮੁੱਢੋਂ ਹੀ ਕੱਢ ਦਿਓ। ਧਿਆਨ ਰੱਖੋ ਕਿ ਜ਼ਮੀਨ ਤੋਂ 45 ਸੈਂਟੀਮੀਟਰ ਦੀ ਉੱਚਾਈ ਤੱਕ ਕੋਈ ਟਾਹਣੀ ਨਾ ਹੋਵੇ। ਬੂਟੇ ਦੀ ਛੋਟੀ ਉਮਰ ਵਿਚ ਜ਼ਿਆਦਾ ਕਾਂਟ-ਛਾਂਟ ਦੀ ਲੋੜ ਨਹੀਂ ਪੈਂਦੀ ਸਿਰਫ ਗੁੱਲੇ ਅਤੇ ਖੱਟੀ ਦੇ ਫੁਟਾਰੇ ਨੂੰ ਕੱਟਣ ਦੀ ਲੋੜ ਪੈਂਦੀ ਹੈ। ਕਾਂਟ-ਛਾਂਟ ਦੀ ਲੋੜ 3-4 ਸਾਲ ਦੀ ਉਮਰ ਵਿਚ ਜ਼ਿਆਦਾ ਪੈਂਦੀ ਹੈ। ਕਾਂਟ-ਛਾਂਟ ਹਲਕੀ ਕਰੋ ਅਤੇ ਸਿਰਫ ਲੋੜ ਅਨੁਸਾਰ ਹੀ ਕਰੋ ਤਾਂ ਜੋ ਬੂਟੇ ਦਾ ਮੁੱਢਲਾ ਢਾਂਚਾ ਸਹੀ ਬਣਿਆ ਰਹੇ। ਜਿਹੜੇ ਬੂਟੇ ਫਲ ਦੇਣ ਯੋਗ ਹੋਣ, ਉਨ੍ਹਾਂ ਦੀਆਂ ਸੁੱਕੀਆਂ, ਬਿਮਾਰ ਅਤੇ ਆਪਸ ਵਿਚ ਫਸੀਆਂ ਟਾਹਣੀਆਂ, ਗੁੱਲੇ ਆਦਿ ਹਰ ਸਾਲ ਕੱਟੋ। ਸੋਕ



ਕੱਟਦੇ ਸਮੇਂ ਧਿਆਨ ਰੱਖੋ ਕਿ ਇਸ ਨਾਲ ਥੋੜ੍ਹੀ ਜਿਹੀ ਹਰੀ ਟਾਹਣੀਆਂ ਵੀ ਕੱਟੋ। ਇਸ ਲਈ ਸਹੀ ਸਮਾਂ ਫਲ ਤੋੜਨ ਤੋਂ ਬਾਅਦ ਬਾਹਰ ਰੁੱਤ ਦੇ ਸ਼ੁਰੂ ਵਿਚ ਹੈ। ਟਾਹਣੀਆਂ ਇਸ ਹਿਸਾਬ ਨਾਲ ਕੱਟੋ ਕਿ ਬੂਟੇ ਦੀ ਛੱਤਰੀ ਦੇ ਅੰਦਰ ਧੁੱਪ ਜਾਣ ਦਾ ਪ੍ਰਬੰਧ ਹੋ ਸਕੇ। ਇਸ ਵਿਧੀ ਨਾਲ ਅੰਦਰਲੇ ਹਿੱਸੇ ਵਿਚ ਫਲ ਵੱਧ ਲਗਦਾ ਹੈ ਅਤੇ ਕੀੜੇ ਅਤੇ ਬਿਮਾਰੀਆਂ ਦੇ ਲੁਕਣ ਦੀ ਥਾਂ ਵੀ ਕੁਦਰਤੀ ਢੰਗ ਨਾਲ ਘੱਟ ਜਾਂਦੀ ਹੈ। ਕਾਂਟ-ਛਾਂਟ ਕਰਨ ਤੋਂ ਬਾਅਦ ਬੋਰਡੋ ਮਿਸ਼ਰਣ ਦਾ ਛਿੜਕਾ ਕਰੋ। ਪੰਜ ਸੈਂਟੀਮੀਟਰ ਤੋਂ ਵੱਡੇ ਕੱਟ 'ਤੇ ਬੋਰਡੋ ਪੇਂਟ ਲਗਾਓ।

# ਦੇਸ਼ ਦੀ ਕਿਸਮਤ ਪੇਂਡੂ ਖੇਤਰਾਂ ਨੂੰ ਮਜ਼ਬੂਤ ਕਰਨ ਨਾਲ ਹੀ ਬਦਲ ਸਕਦੀ ਹੈ

**ਪੂਰਨ ਚੰਦ ਸਰੀਨ**

ਦੇਸ਼ ਦੇ ਆਜ਼ਾਦ ਹੋਣ ਤੋਂ ਲੈ ਕੇ ਹੁਣ ਤੱਕ ਜੋ ਵੀ ਸੱਤਾ 'ਚ ਰਹੇ ਹਨ, ਉਹ ਇਹ ਭਰਮਾਉਂਦੇ ਰਹੇ ਹਨ ਕਿ ਭਾਰਤ ਪਿੰਡਾਂ ਦਾ ਦੇਸ਼ ਹੈ ਅਤੇ ਪੇਂਡੂ ਖੇਤਰਾਂ ਦਾ ਵਿਕਾਸ ਕਰਨਾ ਪਹਿਲ ਹੈ। ਅਸੀਂ ਇਸੇ ਭੁਲੇਖੇ 'ਚ ਜੀਅ ਰਹੇ ਹਾਂ ਕਿ ਕਦੀ ਤਾਂ ਇਹ ਸੱਚ ਹੋਵੇਗਾ ਅਤੇ ਜੋ ਇਹ ਕਹਿੰਦੇ ਰਹੇ ਹਨ, ਉਹ ਆਪਣੀਆਂ ਗੱਲਾਂ 'ਤੇ ਖਰਾ ਉਤਰਨਗੇ ਪਰ ਇਹ ਮ੍ਰਿਗਤ੍ਰਿਸ਼ਨਾ ਹੀ ਸਿੱਧ ਹੋਈ ਹੈ। ਸਾਬਕਾ ਰਾਸ਼ਟਰੀ ਅਬਦੁਲ ਕਲਾਮ ਨੇ ਕਿੰਨਾ ਸਹੀ ਕਿਹਾ ਸੀ ਕਿ ਪੇਂਡੂ ਖੇਤਰਾਂ 'ਚ ਸ਼ਹਿਰੀ ਸਹੂਲਤਾ ਪਹੁੰਚਾਉਣ ਨਾਲ ਹੀ ਦੇਸ਼ ਦੀ ਕਿਸਮਤ ਬਦਲੀ ਜਾ ਸਕਦੀ ਹੈ। ਇਸ ਦਾ ਭਾਵ ਇਹ ਨਹੀਂ ਸੀ ਕਿ ਸ਼ਹਿਰ ਨਾ ਹੋਣ ਸਗੋਂ ਇਹ ਸੀ ਕਿ ਪਿੰਡ ਵੀ ਸ਼ਹਿਰ ਵਰਗੇ ਹੋਣ।

ਇਹ ਗੱਲ ਜਾਣਦੇ ਹੋਏ ਵੀ ਕਿ ਦੇਸ਼ ਨੂੰ 5 ਟ੍ਰਿਲੀਅਨ ਦੀ ਅਰਥ ਵਿਵਸਥਾ ਦਾ ਸੁਪਨਾ ਸਾਡੇ ਸਾਢੇ 6 ਲੱਖ ਪਿੰਡ ਪੂਰਾ ਕਰ ਸਕਦੇ ਹਨ ਕਿਉਂਕਿ 2 ਤਿਹਾਈ ਆਬਾਦੀ ਇਨ੍ਹਾਂ 'ਚ ਹੀ ਰਹਿੰਦੀ ਹੈ। ਤ੍ਰਾਸਦੀ ਇਹ ਹੈ ਕਿ ਡੈਮੋ ਗ੍ਰਾਫਿਕ ਡਿਵੀਡੈਂਡ ਭਾਵ ਆਬਾਦੀ ਦਾ ਸਾਡੀ ਖੁਸ਼ਹਾਲੀ 'ਚ ਯੋਗਦਾਨ ਸਭ ਤੋਂ ਵੱਧ ਪਿੰਡਾਂ ਦੇ ਲੋਕਾਂ ਦਾ ਹੋਣ 'ਤੇ ਵੀ ਸਭ ਤੋਂ ਵੱਧ ਪਿੰਡਾਂ ਦੇ ਲੋਕਾਂ ਦਾ ਹੋਣ 'ਤੇ ਵੀ ਉਹ ਹੀ ਸਭ ਤੋਂ ਵੱਧ ਮਾੜੀ ਹਾਲਤ 'ਚ ਰਹਿ ਰਹੇ ਹਨ।

ਜ਼ਰਾ ਸੋਚੋ ਸ਼ਹਿਰਾਂ 'ਚ ਇਮਾਰਤਾਂ ਬਣਾਉਣੀਆਂ ਹਨ ਤਾਂ ਲੇਬਰ ਪਿੰਡਾਂ 'ਚੋਂ ਆਉਂਦੀ ਹੈ। ਜੇ ਨਾ ਆਵੇ ਤਾਂ ਕੰਮ ਬੰਦ। ਕਾਰੀਗਰ ਚਾਹੀਦੇ ਹਨ ਤਾਂ ਉਹ ਵੀ ਪਿੰਡਾਂ 'ਚੋਂ ਆਉਂਦੇ ਹਨ। ਇੱਥੋਂ ਤੱਕ ਕਿ ਘਰੇਲੂ ਕਰਮਚਾਰੀ ਅਤੇ ਨੌਕਰ ਚਾਕਰ ਵੀ। ਦਿਲਚਸਪ ਗੱਲ ਇਹ ਹੈ ਕਿ ਸ਼ਹਿਰਾਂ ਤੋਂ ਮੁੰਡੇ-ਕੁੜੀਆਂ ਪਿੰਡਾਂ 'ਚ ਇਸ ਲਈ ਜਾਂਦੇ ਹਨ ਕਿ ਸਿਰਫ ਕੁਝ ਘੁੰਮ ਫਿਰ ਲਓ, ਪਿਕਨਿਕ ਮਨਾ ਲਓ ਅਤੇ ਅਜਿਹੇ ਪ੍ਰਾਣੀ ਵੇਖ ਲਓ ਜਿਨ੍ਹਾਂ ਨੂੰ ਕੋਲ ਬਿਠਾ ਕੇ ਗੱਲ ਕਰਨ 'ਚ ਆਪਣੀ ਹੇਠੀ ਹੁੰਦੀ ਹੋਵੇ।

**ਸੱਚ ਦਾ ਸਾਹਮਣਾ** : ਅਸਲੀਅਤ ਇਹ ਹੈ ਕਿ ਪਿੰਡਾਂ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ ਅਤੇ ਪਿੰਡਾਂ ਦੇ ਲੋਕਾਂ ਨਾਲ ਬੈਠਣਾ ਸਾਨੂੰ ਗਵਾਰਾ ਨਹੀਂ। ਪਿੰਡਾਂ ਦੇ ਵਿਕਾਸ ਦੀ ਹਾਲਤ ਇਹ ਹੈ ਕਿ ਜੇ ਉੱਥੇ ਕੋਈ ਪਰਿਵਾਰ ਇਹ ਚਾਹੇ ਕਿ ਆਪਣੇ ਬੱਚਿਆਂ ਨੂੰ ਪੜ੍ਹਾਈਏ-ਲਿਖਾਈਏ ਤਾਂ ਸਕੂਲ ਅਜੇ ਵੀ ਪੁਰਾਣੇ ਖੰਡਰਾਂ ਵਰਗੇ ਮਕਾਨਾਂ 'ਚ ਮਿਲਣਗੇ। ਉਨ੍ਹਾਂ ਦਾ ਤਾਲਾ ਖੋਲ੍ਹਣ ਲਈ ਕੋਈ ਉਦੋਂ ਹੀ ਆਵੇਗਾ ਜਦੋਂ ਉਸ ਨੂੰ ਆਪਣੇ ਕੰਮ 'ਚੋਂ ਵਿਹਲ ਮਿਲੇਗੀ। ਪੜ੍ਹਨ ਦੀਆਂ ਸਹੂਲਤਾਂ ਇੰਨੀਆਂ ਕੁ ਹਨ ਕਿ ਅਜੇ ਵੀ ਕਿਸੇ ਰੁੱਖ ਹੇਠਾਂ ਜਾਂ ਟੁੱਟੇ-ਭੱਜੇ ਕਮਰੇ 'ਚ 3 ਲੱਤਾਂ ਦੀ ਕੁਰਸੀ ਅਤੇ ਹੇਠਾਂ ਇੱਟ ਦੇ ਸਹਾਰੇ ਪਈ ਮੇਜ਼



ਮਿਲੇਗੀ। ਬਲੈਕਬੋਰਡ ਹੋਵੇਗਾ ਪਰ ਉਸ 'ਤੇ ਲਿਖਿਆ ਕਿਵੇਂ ਜਾਵੇ, ਇਹ ਅਧਿਆਪਕ ਨੂੰ ਸੋਚਣਾ ਪੈਂਦਾ ਹੈ।

ਆਦਰਸ਼ ਸਕੂਲਾਂ ਦੇ ਨਾਂ 'ਤੇ ਕੁਝ ਇਮਾਰਤਾਂ ਹਨ ਪਰ ਉਨ੍ਹਾਂ 'ਚ ਝੁੰਡਾਂ ਵਾਂਗ ਬੱਚਿਆਂ ਨੂੰ ਭਰ ਕੇ ਪੜ੍ਹਾਉਣ ਦੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾਂਦਾ ਹੈ।

ਸਪੱਸ਼ਟ ਹੈ ਕਿ ਜਿਸ ਦੀ ਮਰਜ਼ੀ ਹੋਵੇ, ਉੱਥੇ ਆਏ ਅਤੇ ਜੋ ਨਾ ਆਏ ਉਸ ਦੀ ਅਟੈਂਡੈਂਸ ਜਾਂ ਹਾਜ਼ਰੀ ਰਜਿਸਟਰ 'ਚ ਖਾਨਾਪੂਰਤੀ ਹੋ ਜਾਂਦੀ ਹੈ ਕਿਉਂਕਿ ਸਾਲ ਦੇ ਅੰਤ 'ਚ ਅੰਕੜੇ ਵਿਖਾਉਣੇ ਪੈਂਦੇ ਹਨ ਕਿ ਕਿੰਨੇ ਵਿਦਿਆਰਥੀ ਪੜ੍ਹ ਕੇ ਨਿਕਲੇ। ਹੁਣ 8ਵੀਂ ਪਾਸ ਨੂੰ ਚੌਥੀ ਦੇ ਸਵਾਲ ਵੀ ਹੱਲ ਕਰਨੇ ਨਾ ਆਉਣ ਦਾਂ ਇਸ ਨਾਲ ਕੀ ਫਰਕ ਪੈਂਦਾ ਹੈ ਕਿਉਂਕਿ ਨਕਲ ਕਰਨੀ ਇੱਥੇ ਮੌਲਿਕ ਅਧਿਕਾਰ ਦੀ ਸ਼੍ਰੇਣੀ 'ਚ ਆਉਂਦੀ ਹੈ। ਕੋਈ ਇਸ ਨੂੰ ਰੋਕ ਨਹੀਂ ਸਕਦਾ ਸਗੋਂ ਕਾਨੂੰਨ ਵੀ ਬਣ ਜਾਂਦਾ ਹੈ।

ਦੇਸ਼ ਦੀ ਜੀ.ਡੀ.ਪੀ. 'ਚ ਖੇਤੀਬਾੜੀ ਅਤੇ ਉਸ 'ਤੇ ਆਧਾਰਿਤ ਉਦਯੋਗ ਜਿਵੇਂ ਪਸ਼ੂ-ਪਾਲਣ, ਡੇਅਰੀ ਅਤੇ ਹੋਰ ਕਾਰੋਬਾਰਾਂ ਦਾ ਸਭ ਤੋਂ ਵੱਧ ਯੋਗਦਾਨ ਹੈ ਪਰ ਜਿਹੜੇ ਵਿਅਕਤੀ ਇਨ੍ਹਾਂ ਸਭ ਨਾਲ ਜੁੜੇ ਹਨ, ਉਨ੍ਹਾਂ ਦਾ ਰਹਿਣ-ਸਹਿਣ ਅਜਿਹਾ ਹੈ ਕਿ ਉਹ ਅਨਪੜ੍ਹ ਗਵਾਰ ਲੱਗਦੇ ਹਨ। ਪਿੰਡਾਂ 'ਚ ਆਸ਼ਾ ਵਰਕਰ ਅਤੇ ਆਂਗਣਵਾੜੀ ਵਰਕਰ ਇਕ ਤਰ੍ਹਾਂ ਨਾਲ ਉੱਥੋਂ ਦੀ ਰੀੜ੍ਹ ਦੀ ਹੱਡੀ ਹਨ ਪਰ ਉਨ੍ਹਾਂ ਨੂੰ ਜੋ ਪੈਸਾ ਮਿਲਦਾ ਹੈ ਉਸ ਨੂੰ ਸੁਣ ਕੇ ਹਾਸਾ ਆ ਜਾਂਦਾ ਹੈ।

ਕਈ ਦਹਾਕੇ ਪਹਿਲਾਂ ਜਦੋਂ ਇਸ ਦੀ ਸ਼ੁਰੂਆਤ ਹੋਈ ਸੀ ਉਦੋਂ ਇਸ ਦੇ ਮੂਲ 'ਚ ਇਹ ਭਾਵਨਾ ਸੀ ਕਿ ਅਜਿਹੇ ਵਰਕਰ ਤਿਆਰ ਕੀਤੇ ਜਾਣ ਜਿਨ੍ਹਾਂ ਦੇ ਮਨ 'ਚ ਸੇਵਾ ਭਾਵ ਹੋਵੇ, ਸਿਰਫ ਲੋੜ ਲਈ ਪੈਸਾ ਮਿਲ ਜਾਵੇ, ਉਨ੍ਹਾਂ ਲਈ ਇਹ ਕਾਫੀ ਹੈ। ਉਨ੍ਹਾਂ ਕੋਈ ਤਨਖਾਹ ਨਹੀਂ, ਕੋਈ ਸਹੂਲਤ ਨਹੀਂ, ਸਿਰਫ ਸੇਵਾ ਕਰਨੀ ਹੈ। ਹੁਣ ਲੱਖਾਂ ਵਰਕਰ ਹਨ ਜਿਨ੍ਹਾਂ ਨੂੰ ਅੰਦੋਲਨ ਕਰਨ ਦੀ ਲੋੜ ਪੈਂਦੀ ਹੈ ਕਿ ਘੱਟੋ-ਘੱਟ ਇੰਨਾ ਪੈਸਾ ਤਾਂ ਮਿਲ ਜਾਵੇ ਕਿ ਇੱਜ਼ਤ ਦੀ ਰੋਟੀ ਖਾ ਸਕੀਏ ਅਤੇ ਠੀਕ ਢੰਗ ਨਾਲ ਰਹਿ ਸਕੀਏ ਪਰ ਇਹ ਸੰਭਵ ਨਹੀਂ।

ਖੈਰ ਕਿੱਥੇ ਤੱਕ ਪੇਂਡੂ ਖੇਤਰਾਂ ਦਾ ਦੁੱਖ ਦੱਸਿਆ ਜਾਵੇ। ਹੁਣ ਇਸ ਨੂੰ ਬਦਲਣ ਦੀ ਲੋੜ ਹੈ। ਜੇ ਬਰਾਬਰੀ ਦੇ ਨਿਆਂ 'ਤੇ ਆਧਾਰਿਤ ਸਮਾਜ ਦੀ ਰਚਨਾ ਕਰਨਾ ਹੈ ਤਾਂ ਮੁੱਢਲਾ ਢਾਂਚਾ ਭਾਵ ਇਨਫ੍ਰਾਸਟ੍ਰੱਕਚਰ ਤਿਆਰ ਕਰਨਾ ਹੋਵੇਗਾ ਜਿਸ ਰਾਹੀਂ ਪੇਂਡੂ ਵਿਕਾਸ ਦੀ ਸਹੀ ਤਸਵੀਰ ਸਾਹਮਣੇ ਆਵੇ। ਇਸ ਲਈ ਇਹ ਸੋਚ ਬਣਾਉਣੀ ਹੋਵੇਗੀ ਕਿ ਸ਼ਹਿਰ ਜਾ ਕੇ ਰੋਜ਼ੀ-ਰੋਟੀ ਕਮਾਉਣੀ ਜਾਂ ਕੋਈ ਉਦਯੋਗ ਲਾਉਣਾ ਅਤੇ ਕਾਰੋਬਾਰ ਕਰਨਾ ਪਿੰਡ ਵਾਸੀਆ ਦੀ ਪਸੰਦ ਭਾਵ ਉਨ੍ਹਾਂ ਦੀ ਇੱਛਾ 'ਤੇ ਨਿਰਭਰ ਹੋਵੇ ਨਾ ਕਿ ਮਜ਼ਬੂਰੀ ਹੋਵੇ। ਉਹ ਜਾਣਾ ਚਾਹੁਣ ਤਾਂ ਜਾਣ ਨਹੀਂ ਤਾਂ ਕੋਈ ਲੋੜ ਨਹੀਂ। ਮੌਜੂਦਾ ਹਾਲਾਤ ਤਾਂ ਇਹ ਹੈ ਕਿ ਪੇਂਡੂ ਖੇਤਰਾਂ ਤੋਂ ਸ਼ਹਿਰਾਂ 'ਚ ਹਿਜਰਤ ਰੁਕਣ ਦੀ ਥਾਂ 'ਤੇ ਤੇਜ਼ੀ ਨਾਲ ਵਧਦੀ ਹੀ ਜਾ ਰਹੀ ਹੈ।

**ਪੇਂਡੂ ਇਲਾਕਿਆਂ 'ਚ ਉਦਯੋਗ ਸਥਾਪਿਤ ਹੋਣ** : ਇਸ ਲਈ ਸਭ ਤੋਂ ਪਹਿਲਾਂ ਨੌਕਰੀ ਅਤੇ ਰੋਜ਼ਗਾਰ ਦੀ ਵਿਵਸਥਾ ਲਈ ਗੈਰ-ਖੇਤੀਬਾੜੀ ਆਧਾਰਿਤ ਉਦਯੋਗ ਲਾਉਣੇ ਹੋਣਗੇ ਅਤੇ ਇਸ ਲਈ ਉਸ ਖੇਤਰ 'ਚ ਉਪੱਲਬਧ ਕੱਚੇ ਮਾਲ ਭਾਵ ਲੋਕਲ ਮਟੀਰੀਅਲ ਦੀ ਵਰਤੋਂ ਕਰਨ ਦੀ ਲੋੜ ਹੋਵੇ ਅਤੇ ਸਥਾਨਕ ਆਬਾਦੀ ਨੂੰ ਸਿਖਲਾਈ ਦੇ ਕੇ ਨੌਕਰੀ 'ਤੇ ਰੱਖਣ ਦੀ ਮਜ਼ਬੂਰੀ ਹੋਵੇ। ਸਰਕਾਰ ਜ਼ਮੀਨ ਦੇਵੇ ਅਤੇ ਉਸ ਦੇ ਬਦਲੇ ਉਸ ਥਾਂ 'ਤੇ ਉਨ੍ਹਾਂ ਹੀ ਉਦਯੋਗਪਤੀਆਂ ਜਾਂ ਕਾਰੋਬਾਰੀਆਂ ਨੂੰ ਸੱਦੇ ਜੋ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰ ਸਕਦੇ ਹੋਣ। ਇਸ ਨਾਲ ਹੋਵੇਗਾ ਇਹ ਕਿ ਉਸ ਖੇਤਰ ਦਾ ਵਿਕਾਸ ਆਪਣੇ ਆਪ ਹੋਣ ਲੱਗੇਗਾ।

ਸਕੂਲ, ਟ੍ਰੇਨਿੰਗ ਸੈਂਟਰ ਖੁੱਲ੍ਹਣਗੇ, ਵਰਕਰਾਂ ਲਈ ਟਾਊਨਸ਼ਿਪ ਬਣੇਗੀ, ਸਿਹਤ ਸਹੂਲਤਾਂ ਜਿਵੇਂ ਡਿਸਪੈਂਸਰੀ, ਹਸਪਤਾਲ ਆਦਿ ਸਥਾਪਿਤ ਹੋਵੇਗੇ। ਆਉਣ-ਜਾਣ ਦੇ ਸਾਧਨ ਤਿਆਰ ਹੋਣਗੇ ਅਤੇ ਉਹ ਸਭ ਚੀਜ਼ਾਂ ਮਿਲਣੀਆਂ ਜੋ ਆਧੁਨਿਕ ਜ਼ਿੰਦਗੀ ਲਈ ਚਾਹੀਦੀਆਂ ਹਨ। ਉਦਾਹਰਣ ਵਜੋਂ ਐੱਨ. ਟੀ. ਪੀ. ਸੀ. ਵੱਲੋਂ ਸਥਾਪਿਤ ਪਲਾਂਟ ਨੂੰ ਲਿਆ ਜਾ ਸਕਦਾ ਹੈ, ਜਿਸ ਲਈ ਇਹ ਇਕ ਜ਼ਰੂਰੀ ਸ਼ਰਤ ਹੁੰਦੀ ਹੈ ਕਿ ਉਸ ਖੇਤਰ 'ਚ ਸਥਾਨਕ ਆਬਾਦੀ ਲਈ ਉਹ ਸਭ ਸਹੂਲਤਾਂ ਤਿਆਰ ਕੀਤੀਆਂ ਜਾਣ ਜੋ ਉੱਥੇ ਜ਼ਰੂਰੀ ਹਨ।

ਜਦੋਂ ਸਭ ਉਦਯੋਗ ਪਹਿਲ ਤੇ ਲੋੜ ਦੇ ਆਧਾਰ 'ਤੇ ਪੇਂਡੂ ਖੇਤਰਾਂ 'ਚ ਸਥਾਪਿਤ ਹੋਣ ਲੱਗਣਗੇ ਤਾਂ ਫਿਰ ਸੜਕਾਂ ਵੀ ਬਣਨਗੀਆਂ, ਬੱਸ ਅੱਡੇ ਵੀ ਬਣ ਨਗੇ ਅਤੇ ਰੇਲਵੇ ਸਟੇਸ਼ਨ ਵੀ ਬਣ ਸਕਦੇ ਹਨ। ਹੈਲੀਪੈਡ ਜਾਂ ਹਵਾਈ ਅੱਡਾ ਵੀ ਬਣਾਉਣਾ ਪੈ ਸਕਦਾ ਹੈ। ਜਦੋਂ ਉਦਯੋਗ ਹੋਵੇਗਾ ਤਾਂ ਬੈਂਕਿੰਗ ਵਿਵਸਥਾ ਵੀ ਸਥਾਪਿਤ ਹੋਵੇਗੀ। ਸੰਚਾਰ ਅਤੇ ਗੱਲਬਾਤ ਦੇ ਸਾਧਨ ਤਿਆਰ ਹੋਣਗੇ। ਡਿਜੀਟਲ ਲਿਟਰੇਸੀ ਹੋਵੇਗੀ ਤਾਂ ਆਧੁਨਿਕ ਤਕਨਾਲੋਜੀ ਦੀ ਵਰਤੋਂ ਵੀ ਹੋਵੇਗੀ। ਇਹ ਇੱਥੋਂ ਤੱਕ ਸੀਮਤ ਨਹੀਂ ਰਹੇਗਾ। ਇਸ ਦਾ ਅਸਰ ਯਕੀਨੀ ਤੌਰ 'ਤੇ ਖੇਤੀਬਾੜੀ ਅਤੇ ਉਸ ਨਾਲ ਜੁੜੇ ਹੋਰਨਾਂ ਕਾਰੋਬਾਰਾਂ 'ਤੇ ਵੀ ਪਵੇਗਾ।

ਪੇਂਡੂ ਖੇਤਰਾਂ 'ਚ ਉਦਯੋਗਿਕ ਇਕਾਈਆਂ ਲੱਗਣ ਨਾਲ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਹੱਲਾਸ਼ੇਰੀ ਮਿਲੇਗੀ। ਆਪਸੀ ਲੜਾਈ-ਝਗੜੇ ਅਤੇ ਹਿੰਸਾ ਦੀਆਂ ਵਾਰਦਾਤਾਂ 'ਚ ਕਮੀ ਹੋਵੇਗੀ। ਲੋਕ ਭਾਈਚਾਰੇ ਅਤੇ ਸਹਿਯੋਗ ਦੀ ਭਾਵਨਾ ਨਾਲ ਰਹਿ ਸਕਣਗੇ।

ਇੱਥੇ ਸਿਰਫ ਇਸ ਗੱਲ ਦਾ ਧਿਆਨ ਰੱਖਣਾ ਹੋਵੇਗਾ ਕਿ ਉਹੀ ਉਦਯੋਗ ਲੱਗਣਗੇ ਜਿਨ੍ਹਾਂ ਨਾਲ ਚੌਗਿਰਦੇ ਨੂੰ ਨੁਕਸਾਨ ਨਾ ਪਹੁੰਚਦਾ ਹੋਵੇ, ਉਹ ਪ੍ਰਦੂਸ਼ਣ ਮੁਕਤ ਹੋਣ ਅਤੇ ਕੁਦਰਤੀ ਸੋਮਿਆਂ ਅਤੇ ਖਣਿਜ ਪਦਾਰਥਾਂ 'ਤੇ ਉਲਟ ਅਸਰ ਨਾ ਪੈਂਦਾ ਹੋਵੇ। ਕੀ ਸਰਕਾਰ ਇਸ ਤਰ੍ਹਾਂ ਦੀ ਨੀਤੀ ਬਣਾ ਕੇ ਵੱਡੇ ਪੱਧਰ 'ਤੇ ਸਮੂਹ ਪੇਂਡੂ ਇਲਾਕਿਆਂ ਨੂੰ ਉਦਯੋਗਿਕ ਕੇਂਦਰ ਬਣਾਉਣ ਦੀ ਕਿਸੇ ਯੋਜਨਾ ਨੂੰ ਅਮਲ 'ਚ ਲਿਆ ਸਕਦੀ ਹੈ ? ਇਹ ਸਰਕਾਰ ਹੀ ਨਹੀਂ, ਆਮ ਨਾਗਰਿਕ ਦੇ ਸੋਚਣ ਦਾ ਵੀ ਵਿਸ਼ਾ ਹੈ।

# ਫੱਗਣ ਮਹੀਨੇ ਦਾ ਸਰਦ ਰੁੱਤ ਨੂੰ ਅਲਵਿਦਾ !



ਹਰਮਨਪ੍ਰੀਤ ਸਿੰਘ,
ਸਰਹਿੰਦ, ਜ਼ਿਲ੍ਹਾ ਫਤਹਿਗੜ੍ਹ ਸਾਹਿਬ,
ਸੰਪਰਕ : 98550-10005

ਬਿਕਰਮੀ ਸੰਮਤ ਮੁਤਾਬਿਕ ਫੱਗਣ ਮਹੀਨਾ ਸਾਲ ਦਾ ਦੇਸੀ ਮਹੀਨਾ ਬਾਰ੍ਹਵਾਂ ਬਣਦਾ ਹੈ। ਇਸ ਮਹੀਨੇ ਨੂੰ ਫਲਗੁਣਿ ਵੀ ਕਿਹਾ ਜਾਂਦਾ ਹੈ, ਇਸ ਮਹੀਨੇ ਅੰਬੀਆਂ ਨੂੰ ਬੂਰ, ਕਣਕਾਂ ਨੂੰ ਸਿੱਟੇ ਤੇ ਫੁੱਲ ਬੂਟਿਆਂ ਨੂੰ ਨਵੀਆਂ ਕਰੂੰਬਲਾਂ ਫੁੱਟ ਕੁਦਰਤ ਪ੍ਰਤੀ ਆਪਣੀ ਮੁਹੱਬਤ ਦਾ ਇਜਹਾਰ ਕਰਦੀਆਂ ਨਜ਼ਰੀ ਆਉਂਦੀਆਂ ਹਨ। ਇਸ ਮਹੀਨੇ ਸਰ੍ਹੋਂ ਦੇ ਖੇਤ ਇਸ ਤਰ੍ਹਾਂ ਨਜ਼ਰੀਂ ਪੈਂਦੇ ਹਨ ਜਿਵੇਂ ਕੁਦਰਤ ਦੀ ਇਸ ਕਾਇਨਾਤ ਨਾਲ ਕੋਈ ਗੁਫਤਗੂ ਕਰ ਰਹੇ ਹੋਣ। ਇਸ ਫੱਗਣ ਮਹੀਨੇ ਦੀ ਆਮਦ ਨਾਲ ਫੁੱਲ, ਬੂਟਿਆਂ 'ਤੇ ਬਹਾਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਫੱਗਣ ਮਹੀਨੇ ਸਰਦ ਰੁੱਤ ਨੂੰ ਅਲਵਿਦਾ ਕਰ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ। ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ। ਗਰਮ ਰੁੱਤ ਵੱਲ ਵਧਦੇ ਫੱਗਣ ਮਹੀਨੇ ਦੇ ਅਖੀਰ ਹੁੰਦੇ-ਹੁੰਦੇ ਭਾਰਤ ਦੇ ਕਈ ਹਿਸਿਆਂ 'ਚ ਹੋਲੀ ਦੀ ਸ਼ੁਰੂਆਤ ਹੋ ਜਾਂਦੀ ਹੈ ਅਤੇ ਫੱਗਣ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਜਿਨ੍ਹਾਂ ਮੁਟਿਆਰਾਂ ਦੇ ਮਾਹੀ ਪ੍ਰਦੇਸੀ ਹੋਏ ਹੋਣ, ਉਹ ਮੁਟਿਆਰਾਂ ਮਾਹੀ ਦੇ ਮਿਲਾਪ ਦੀ ਤਾਂਘ 'ਚ ਤੜਪਦੀਆਂ ਜਾਪਦੀਆਂ ਹਨ ਤੇ ਬਾਰਾਂਮਾਹ 'ਚ ਹਿਦਾਇਤਉਲਾ ਜੀ ਕਹਿੰਦੇ ਹਨ :

**ਚੜ੍ਹਿਆ ਫੱਗਣ ਕੰਧੀ ਲੱਗਣ ਉਕਰ ਰਹੀ ਦਿਨ ਥੋੜੇ ਨੀ।**<br>
**ਨਾਲ ਪੀਆ ਦੇ ਖੇਡਾਂ ਹੋਲੀ ਏਹ ਮੇਰਾ ਦਿਲ ਲੋੜੇ ਨੀ।**<br>
**ਐਸਾ ਕੌਣ ਕੱਢਾਂ ਮੈਂ ਦਰਦੀ ਜਾ ਉਸ ਨੂੰ ਹੱਥ ਜੋੜੇ ਨੀ।**<br>
**ਤਾਂ ਸੁਹਾਗਣ ਬਣਾਂ ਹਿਦਾਇਤ ਜੇ ਸ਼ਹੁ ਵਾਗਾਂ ਮੋੜੇ ਨੀ ॥ 12 ॥ 1 ॥**

ਅੱਧ ਫਰਵਰੀ ਤੋਂ ਅੱਧ ਮਾਰਚ ਦਾ ਇਹ ਫੱਗਣ ਮਹੀਨਾ ਕਿਸੇ ਸਾਲ 30 ਦਿਨਾਂ ਦਾ ਤੇ ਕਿਸੇ ਸਾਲ 31 ਦਿਨਾਂ ਦਾ ਹੋ ਨਿੱਬੜਦਾ ਹੈ। ਇਸ ਮਹੀਨੇ ਜਿੱਥੇ ਦਿਨੇ ਸੂਰਜ ਦੀਆਂ ਕਿਰਨਾਂ ਨਾਲ ਫੁੱਲ, ਬੂਟਿਆਂ 'ਤੇ ਨਿਖਾਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਉੱਥੇ ਹੀ ਰਾਤਾਂ ਨੂੰ ਮਿੰਨੀ-ਮਿੰਨੀ ਚੱਲਦੀ ਹਵਾ, ਖੁੱਲ੍ਹੇ ਅਸਮਾਨ 'ਚ ਕਿਤੇ ਬੱਦਲੀ ਦਾ ਟੋਟਾ, ਅਸਮਾਨੀ ਟਿਮ-ਟਿਮਾਉਂਦਾ ਕੋਈ-ਕੋਈ ਤਾਰਾ ਤਾਂ ਸ਼ਾਂਤ ਟਿਕੀ ਰਾਤ ਇਉਂ ਜਾਪਦੀ ਹੈ ਜਿਵੇਂ ਧਰਤ ਨੂੰ ਆਪਣੇ ਕਲਾਵੇ 'ਚ ਲੈ ਲੋਰੀਆਂ ਸੁਣਾਉਂਦੀ ਹੋਵੇ। ਫੱਗਣ ਮਹੀਨੇ ਦੇ ਇਹ ਕੁਦਰਤੀ ਨਜ਼ਾਰੇ ਮਨੁੱਖੀ ਮਨ ਅੰਦਰ ਵੀ ਕੁਦਰਤੀ ਨਿਖਾਰ ਲਿਆਉਣ ਦਾ ਕੰਮ ਕਰਦੇ ਹਨ, ਬਸ਼ਰਤੇ ਮਨੁੱਖੀ ਮਨ ਨੂੰ ਮਲ ਨਾਲ ਇਹ ਕੁਦਰਤ ਦੀ ਕਾਇਨਾਤ ਨਾਲ ਮੋਹ ਪਾ ਇਕ-ਮਿਕ ਹੋਣਾ ਪਵੇਗਾ। ਭਾਰਤ ਦੀਆਂ ਮੁੱਖ ਛੇ ਰੁੱਤਾਂ 'ਚੋਂ ਬਸੰਤ ਰੁੱਤ ਨੂੰ ਸਭ ਤੋਂ ਮਨਮੋਹਨੀ ਰੁੱਤ ਮੰਨਿਆ ਜਾਂਦਾ ਹੈ ਤੇ ਇਹ ਬਹਾਰ ਦੀ ਰੁੱਤ ਇਸ ਫੱਗਣ ਮਹੀਨੇ 'ਚ ਹੀ ਆਉਂਦੀ ਹੈ। ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਰੁੱਤਾਂ, ਤਿੱਥ, ਤਿਉਹਾਰ, ਅਖਾਣ, ਕਹਾਣੀਆਂ, ਕਹਾਵਤਾਂ, ਟੱਪੇ, ਛੰਦ, ਬੈਂਤ, ਬੋਲੀਆਂ ਅਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ, ਸਾਡੇ ਕਈ ਸੂਫੀ-ਸੰਤ-ਫਕੀਰ, ਸਾਹਿਤਕਾਰਾਂ ਨੇ ਤਿੱਥ ਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ ਤੇ ਵੀ ਬਹੁਤ ਕੁਝ ਰਿਹਾ ਹੈ। ਉਨ੍ਹਾਂ ਦੀਆਂ ਲਿਖੀਆਂ ਤੇ ਕਹੀਆਂ ਗੱਲਾਂ 'ਚ ਇਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਅਤੇ ਤਿਉਹਾਰ ਆਪਸੀ ਸਬੰਧ ਉਨ੍ਹਾਂ ਬੜੀ ਸੂਝ-ਬੂਝ ਨਾਲ ਆਪਣੇ ਢੰਗ ਨਾਲ ਬਿਆਨ ਕੀਤੇ ਹਨ, ਜਿਵੇਂ ਚੱਲ ਰਹੇ ਬਹਾਰ ਦੀ ਰੁੱਤ ਫੱਗਣ ਦੇ ਮਹੀਨੇ ਤੇ ਅੰਮ੍ਰਿਤਾ ਪ੍ਰੀਤਮ ਜੀ ਆਪਣੀ ਇੱਕ ਕਵਿਤਾ 'ਚ ਕਹਿੰਦੇ ਹਨ :

**ਰੰਗ ਦੇ ਦੁਪੱਟਾ ਮੇਰਾ, ਰੁੱਤੇ ਨੀ ਲਲਾਰਣੇ।**<br>
**ਅੱਜ ਮੈਂ ਲੋਕਾਈ, ਉੱਤੇ ਸਾਰੇ ਰੰਗ ਵਾਰਨੇ।**<br>
**ਇਕ ਸੁਪਨੇ ਵਰਗਾ ਰੰਗ, ਕਿ ਰੰਗ ਗੁਲਾਬ ਦਾ।**<br>
**ਇਕ ਕੱਚਾ ਸੂਹਾ ਰੰਗ, ਸੋਹਲਵੇਂ ਸਾਲ ਦਾ।**<br>
**ਇਕ ਪੱਕਾ ਸੂਹਾ ਰੰਗ, ਕਿ ਰੰਗ ਖਿਆਲ ਦਾ।**<br>
**ਇਹ ਦੋ ਰੁੱਤਾਂ ਦਾ ਮੇਲ, ਹੁਨਾਲ ਸਿਆਲ ਦਾ।**

# ਗਿਆਨ-ਵਿਗਿਆਨ ਦਾ ਸੋਮਾ ਹੋਣੇ ਚਾਹੀਦੇ ਹਨ ਕਿਸਾਨ ਮੇਲੇ





ਭਗਵਾਨ ਦਾਸ

ਗਿਆਨ-ਵਿਗਿਆਨ ਤੇ ਸੁਧਰੇ ਸ਼ੁੱਧ ਬੀਜ ਖੇਤੀ ਦਾ ਧੁਰਾ ਹਨ। ਖੇਤੀ ਪ੍ਰਸਾਰ ਸੇਵਾ ਹੁਣ ਨਾ ਖੇਤੀਬਾੜੀ ਯੂਨੀਵਰਸਿਟੀ ਅਤੇ ਨਾ ਪੰਜਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਪਹਿਲਾਂ ਦੀ ਤਰ੍ਹਾਂ ਕਿਸਾਨਾਂ ਨਾਲ ਸੰਪਰਕ ਰੱਖ ਕੇ ਮੁਹੱਈਆ ਹੋ ਰਹੀ ਹੈ। ਯੂਨੀਵਰਸਿਟੀ ਤੇ ਵਿਭਾਗ ਦੋਵਾਂ ਨੇ ਮੁੱਖ ਤੌਰ 'ਤੇ ਕਿਸਾਨ ਮੇਲਿਆਂ ਅਤੇ ਕਿਸਾਨ ਸਿਖਲਾਈ ਕੈਂਪਾਂ ਰਾਹੀਂ ਹੀ ਇਹ ਸੇਵਾ ਮੁਹੱਈਆ ਕਰਨ ਦਾ ਯਤਨ ਜਾਰੀ ਰੱਖਿਆ ਹੋਇਆ ਹੈ। ਸਾਉਣੀ ਦੀਆਂ ਫਸਲਾਂ ਸੰਬੰਧੀ ਜਾਣਕਾਰੀ ਮੁਹੱਈਆ ਕਰਨ ਅਤੇ ਵੱਖ-ਵੱਖ ਫਸਲਾਂ ਦੇ ਬੀਜ ਕਿਸਾਨਾਂ ਨੂੰ ਉਪਲੱਬਧ ਕਰਨ ਲਈ ਆਈ.ਸੀ.ਏ.ਆਰ.-ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਪੂਸਾ ਦਿੱਲੀ ਵਿਖੇ ਜੋ 28 ਫਰਵਰੀ ਤੋਂ ਤਿੰਨ ਰੋਜ਼ਾ ਕ੍ਰਿਸ਼ੀ ਵਿਗਿਆਨ ਮੇਲਾ ਹੋਣਾ ਸੀ, ਉਹ ਹੁਣ ਮੁਲਤਵੀ ਕਰ ਦਿੱਤਾ ਗਿਆ ਹੈ। ਮੇਲੇ ਦੀ ਨਵੀਂ ਮਿਤੀ ਭਵਿੱਖ 'ਚ ਐਲਾਨੀ ਜਾਏਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੀ 5 ਮਾਰਚ ਨੂੰ ਨਾਗ ਕਲ੍ਹਾਂ ਜਹਾਂਗੀਰ (ਅੰਮ੍ਰਿਤਸਰ) ਵਿਖੇ, 7 ਮਾਰਚ ਨੂੰ ਬੱਲੋਵਾਲ ਸੌਂਖੜੀ ਵਿਖੇ ਅਤੇ 12 ਮਾਰਚ ਨੂੰ ਬਠਿੰਡਾ ਵਿਖੇ ਕਿਸਾਨ ਮੇਲੇ ਲਗਾ ਰਹੀ ਹੈ। ਇਸ ਤੋਂ ਇਲਾਵਾ 18 ਮਾਰਚ ਨੂੰ ਫਰੀਦਕੋਟ ਵਿਖੇ ਤੇ 22 ਮਾਰਚ ਨੂੰ ਰੌਣੀ (ਪਟਿਆਲਾ) ਵਿਖੇ ਅਤੇ 20 ਮਾਰਚ ਨੂੰ ਗੁਰਦਾਸਪੁਰ ਵਿਖੇ ਕਿਸਾਨ ਮੇਲੇ ਲਗਾਏ ਜਾਣਗੇ। ਪੀ. ਏ. ਯੂ. ਵਲੋਂ ਮੁੱਖ ਕਿਸਾਨ ਮੇਲਾ ਲੁਧਿਆਣਾ ਯੂਨੀਵਰਸਿਟੀ ਕੈਂਪਸ 'ਚ 14-15 ਨੂੰ ਲਗਾਇਆ ਜਾਏਗਾ। ਇਸ ਤੋਂ ਇਲਾਵਾ ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਵਲੋਂ ਕਿਸਾਨਾਂ ਨੂੰ ਬਾਸਮਤੀ ਕਿਸਮਾਂ ਤੇ ਸਬਜ਼ੀਆਂ ਦੇ ਸ਼ੁੱਧ ਬੀਜ ਵੰਡਣ ਲਈ 20 ਮਾਰਚ ਨੂੰ ਆਈ. ਏ. ਆਰ. ਆਈ.-ਕੋਲੈਬੋਰੇਟਿਵ ਆਊਟਸਟੇਸ਼ਨ ਰਿਸਰਚ ਸੈਂਟਰ ਰੱਖੜਾ (ਪਟਿਆਲਾ-ਨਾਭਾ ਰੋਡ) ਤੇ ਇਕ ਵਿਸ਼ੇਸ਼ ਸੀਡ ਡਿਸਟ੍ਰੀਬਿਊਸ਼ਨ-ਕਮ-ਕਿਸਾਨ ਸਿਖਲਾਈ ਕੈਂਪ ਲਗਾਇਆ ਜਾਏਗਾ।



ਇਨ੍ਹਾਂ ਕਿਸਾਨ ਮੇਲਿਆਂ ਤੇ ਕੈਂਪਾਂ 'ਚ ਆਮ ਤੌਰ 'ਤੇ ਜੋ ਕਿਸਾਨ ਆਉਂਦੇ ਹਨ, ਉਨ੍ਹਾਂ ਨੂੰ ਦੂਰ-ਦੁਰਾਡੇ, ਅੰਦਰਲੇ ਪਿੰਡਾਂ ਦੇ ਛੋਟੇ ਤੇ ਠੇਕੇ 'ਤੇ ਜ਼ਮੀਨਾਂ ਵਾਹ ਰਹੇ ਕਿਸਾਨ ਗਿਣਤੀ 'ਚ ਹੀ ਸ਼ਾਮਿਲ ਹੁੰਦੇ ਹਨ। ਕਿਸਾਨ ਮੇਲੇ ਹੀ ਗਿਆਨ-ਵਿਗਿਆਨ ਤੇ ਬੀਜ ਮੁਹੱਈਆ ਕਰਨ ਦੇ ਕੇਂਦਰ ਹਨ। ਇਨ੍ਹਾਂ ਸ਼੍ਰੇਣੀਆਂ ਦੇ ਕਿਸਾਨ ਆਮ ਤੌਰ 'ਤੇ ਨਵੀਆਂ ਖੋਜਾਂ ਦੀ ਜਾਣਕਾਰੀ ਅਤੇ ਬੀਜਾਂ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ 'ਚੋਂ ਬਹੁਮਤ ਪੁਰਾਣੀਆਂ ਕਿਸਮਾਂ ਦੇ ਬੀਜ ਹੀ ਰਵਾਇਤੀ ਵਿਧੀਆਂ ਨਾਲ ਇਸਤੇਮਾਲ ਕਰਨ ਲਈ ਮਜਬੂਰ ਹਨ, ਜਿਸ ਕਾਰਨ ਉਨ੍ਹਾਂ ਦਾ ਝਾੜ ਘੱਟ ਰਹਿ ਜਾਂਦਾ ਹੈ।

ਬੀਜਾਂ ਦੀ ਮੰਡੀ ਬੜੀ ਗੁੰਝਲਦਾਰ ਤੇ ਪੇਚੀਦਾ ਹੋ ਗਈ ਹੈ, ਜਿੱਥੇ ਅਣ-ਪ੍ਰਮਾਣਿਤ ਕਿਸਮਾਂ ਦੇ ਬੀਜ ਆਮ ਵੇਚੇ ਜਾਂਦੇ ਹਨ। ਕਿਸਾਨਾਂ ਨੂੰ ਖੇਤੀ ਮਾਹਿਰਾਂ ਨਾਲ ਸਰਕਾਰੀ ਤੇ ਨਿੱਜੀ ਖੇਤਰ 'ਚ ਸੰਪਰਕ ਕਰਕੇ ਆਪਣੀ ਸਾਉਣੀ ਦੀ ਬਿਜਾਈ ਲਈ ਯੋਜਨਾ ਕਰਨੀ ਚਾਹੀਦੀ ਹੈ ਤਾਂ ਜੋ ਉਹ ਨਵੀਆਂ ਕਿਸਮਾਂ ਦੇ ਬੀਜ ਅਤੇ ਨਵੀਂ ਤਕਨਾਲੋਜੀ ਵਰਤ ਕੇ ਆਪਣੀ ਉਤਪਾਦਕਤਾ ਵਧਾਉਣ ਅਤੇ ਆਪਣੀ ਆਮਦਨ 'ਚ ਵਾਧਾ ਕਰਨ।

ਮਾਰਚ 'ਚ ਆਯੋਜਿਤ ਕੀਤੇ ਜਾ ਰਹੇ ਇਨ੍ਹਾਂ ਕਿਸਾਨ ਮੇਲਿਆਂ 'ਚ ਝੋਨੇ ਤੇ ਬਾਸਮਤੀ ਦੀਆਂ ਵੱਖ-ਵੱਖ ਕਿਸਮਾਂ ਦੀ ਮੰਗ ਪ੍ਰਧਾਨ ਰਹਿਣ ਦੀ ਸੰਭਾਵਨਾ ਹੈ। ਝੋਨਾ ਖਰੀਦ ਦੇ ਮੌਸਮ 'ਚ ਪੰਜਾਬ ਦੀ ਮੁੱਖ ਫਸਲ ਹੈ, ਜੋ 31 ਲੱਖ ਹੈਕਟੇਅਰ ਤੋਂ ਵੱਧ ਰਕਬੇ 'ਤੇ ਬੀਜੀ ਜਾ ਰਹੀ ਹੈ। ਇਸ 'ਚ 6 ਕੁ ਲੱਖ ਹੈਕਟੇਅਰ ਰਕਬਾ ਬਾਸਮਤੀ ਦੀ ਕਾਸ਼ਤ ਹੇਠ ਹੈ। ਪਿਛਲੇ ਸਾਲ ਖੁੱਲ੍ਹੀ ਮੰਡੀ 'ਚ ਬਾਸਮਤੀ ਦੀਆਂ ਕਿਸਮਾਂ ਦਾ ਕਿਸਾਨਾਂ ਨੂੰ ਵਧੀਆ ਭਾਅ ਮਿਲਣ ਕਾਰਨ ਕਿਸਾਨਾਂ ਦਾ ਵਧੇਰੇ ਰੁਝਾਨ ਬਾਸਮਤੀ ਦੀਆਂ ਕਿਸਮਾਂ ਦੀ ਕਾਸ਼ਤ ਵੱਲ ਰਹਿਣ ਦੀ ਸੰਭਾਵਨਾ ਹੈ। ਆਈ. ਸੀ. ਏ. ਆਰ.-ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਵਲੋਂ ਬਾਸਮਤੀ ਦੀਆਂ ਵਧੇਰੇ ਝਾੜ ਤੇ ਮੁਨਾਫਾ ਦੇਣ ਵਾਲੀਆਂ ਨਵੀਆਂ ਕਿਸਮਾਂ ਪੂਸਾ ਬਾਸਮਤੀ-1847, ਪੂਸਾ ਬਾਸਮਤੀ-1885 ਅਤੇ ਪੂਸਾ ਬਾਸਮਤੀ-1886 ਵਿਕਸਿਤ ਕਰਕੇ ਕਿਸਾਨਾਂ ਦੇ ਖੇਤਾਂ 'ਚ ਕਾਸ਼ਤ ਕਰਨ ਲਈ ਰਿਲੀਜ਼ ਕੀਤੀਆਂ ਗਈਆਂ ਹਨ। ਪੂਸਾ ਬਾਸਮਤੀ-1847 ਕਿਸਮ ਥੋੜ੍ਹੇ ਸਮੇਂ 'ਚ ਪੱਕਣ ਵਾਲੀ ਪੂਸਾ ਬਾਸਮਤੀ-1509 ਦਾ ਬਦਲ ਹੈ। ਉਸ ਦੇ ਮੁਕਾਬਲੇ ਇਸ ਨਵੀਂ ਕਿਸਮ 'ਚ ਕਿਸਾਨ-ਪੱਖੀ ਵਧੇਰੇ ਗੁਣ ਹਨ। ਇਸ ਤਰ੍ਹਾਂ ਪੂਸਾ ਬਾਸਮਤੀ-1885 ਕਿਸਮ ਅੰਤਰਰਾਸ਼ਟਰੀ ਮੰਡੀ 'ਚ ਜਾਣੀ ਜਾਂਦੀ ਅਤੇ ਬਰਾਮਦ ਕੀਤੀ ਜਾ ਰਹੀ ਪੂਸਾ ਬਾਸਮਤੀ-1121 ਕਿਸਮ ਦਾ ਸੁਧਰਿਆ ਰੂਪ ਹੈ। ਇਸ ਦਾ ਚੌਲ ਲੰਮਾ ਅਤੇ ਰਸੋਈ 'ਚ ਵਰਤਣ ਲਈ ਪੂਸਾ ਬਾਸਮਤੀ-1121 ਵਾਂਗ ਕਾਫੀ ਸੁਆਦਿਸ਼ਟ ਹੈ। ਕੇਂਦਰ ਦੀ ਫਸਲਾਂ ਦੀਆਂ ਕਿਸਮਾਂ ਦੀ ਪ੍ਰਵਾਨਗੀ ਦੇਣ ਵਾਲੀ ਕਮੇਟੀ ਨੇ ਇਨ੍ਹਾਂ ਕਿਸਮਾਂ ਦੀ ਪ੍ਰਵਾਨਗੀ ਦੇਣ ਵਾਲੀ ਕਮੇਟੀ ਨੇ ਇਨ੍ਹਾਂ ਕਿਸਮਾਂ ਨੂੰ ਪ੍ਰਮਾਣਿਕਤਾ ਦੇ ਦਿੱਤੀ ਹੈ। ਪੂਸਾ ਬਾਸਮਤੀ-1886 ਕਿਸਮ ਪੂਸਾ ਬਾਸਮਤੀ-6 (ਪੂਸਾ-1401) ਦਾ ਬਦਲ ਹੈ। ਇਸ ਦਾ ਚੌਲ ਬੜਾ ਵਧੀਆ ਹੈ। ਝਾੜ ਪੱਖੋਂ ਵੀ ਇਹ ਕਿਸਮ ਉੱਤਮ ਹੈ। ਭਾਵੇਂ ਇਸ 'ਤੇ ਕੁਝ ਦਵਾਈਆਂ ਦੇ ਸਪਰੇਅ ਕਰਨੇ ਪੈਂਦੇ ਹਨ, ਜੋ ਪੂਸਾ ਬਾਸਮਤੀ-6 (ਪੂਸਾ-1401) ਦੇ ਮੁਕਾਬਲੇ ਬਹੁਤ ਘੱਟ ਹਨ। ਇਸ ਕਿਸਮ ਦੀ ਫਸਲ ਨੂੰ ਮੰਡੀ 'ਚ ਚੰਗੀ ਕੀਮਤ ਮਿਲਦੀ ਹੈ। ਪਿਛਲੇ ਸਾਲ ਇਸ ਕਿਸਮ ਦੀ ਫਸਲ ਪੂਸਾ ਬਾਸਮਤੀ-1121 ਤੋਂ ਮਾਮੂਲੀ ਘੱਟ ਭਾਅ 'ਤੇ ਮੰਡੀਆਂ 'ਚ ਵਿੱਕੀ ਸੀ। ਇਨ੍ਹਾਂ ਕਿਸਮਾਂ 'ਚ ਝੁਲਸ ਤੇ ਭੁਰੜ ਰੋਗ ਦਾ ਮੁਕਾਬਲਾ ਕਰਨ ਦੀ ਪੂਰੀ ਸਮਰੱਥਾ ਹੈ।



ਕਿਸਾਨ ਮੇਲੇ ਆਯੋਜਿਤ ਕਰਨ ਵਾਲੀਆਂ ਸੰਸਥਾਵਾਂ ਨੂੰ ਵਪਾਰਕ ਨੀਤੀ ਨਹੀਂ ਅਪਣਾਉਣੀ ਚਾਹੀਦੀ। ਉਨ੍ਹਾਂ ਨੂੰ ਕਿਸਾਨਾਂ ਦਾ ਵਿਗਿਆਨੀਆਂ ਨਾਲ ਸੰਪਰਕ ਅਤੇ ਉਨ੍ਹਾਂ ਨੂੰ ਗਿਆਨ-ਵਿਗਿਆਨ ਮੁਹੱਈਆ ਕਰਨ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਜੋ ਇਨ੍ਹਾਂ ਮੇਲਿਆਂ 'ਚ ਨੁਮਾਇਸ਼ਾਂ ਲਗਾਈਆਂ ਜਾਂਦੀਆਂ ਹਨ, ਉਹ ਸਹੀ ਤੌਰ 'ਤੇ ਕਿਸਾਨਾਂ ਲਈ ਖੇਤੀ ਸਮੱਗਰੀ ਅਤੇ ਖੇਤੀ ਮਸ਼ੀਨਰੀ ਦੀਆਂ ਪ੍ਰਦਰਸ਼ਨੀਆਂ ਹੋਣ, ਵਪਾਰਕ ਦੁਕਾਨਾਂ ਨਹੀਂ। ਨੁਮਾਇਸ਼ਾਂ ਮੇਲਿਆਂ 'ਚ ਲਗਾਉਣ ਲਈ ਸਟਾਲ ਬੁੱਕ ਕਰਨੇ ਪੈਂਦੇ ਹਨ, ਜਿਨ੍ਹਾਂ ਦੇ ਬੜੇ ਉੱਚੇ ਕਿਰਾਏ ਹਨ। ਇਨ੍ਹਾਂ ਨੁਮਾਇਸ਼ਾਂ 'ਚ ਕੇਵਲ ਉਹ ਫਰਮਾਂ ਜਾਂ ਵਪਾਰੀ ਹੀ ਭਾਗ ਲੈ ਸਕਦੇ ਹਨ, ਜਿਨ੍ਹਾਂ ਦਾ ਇਨ੍ਹਾਂ ਵਸਤੂਆਂ ਦਾ ਵੱਡਾ ਵਪਾਰ ਹੈ ਅਤੇ ਮੇਲੇ 'ਚ ਉਹ ਆਪਣਾ ਮਾਲ ਵੇਚ ਕੇ ਜਾਂ ਬੁਕਿੰਗ ਕਰਕੇ ਨੁਮਾਇਸ਼ ਤੇ ਕੀਤਾ ਖਰਚਾ ਵਸੂਲ ਕਰਨ ਦਾ ਉਪਰਾਲਾ ਕਰਦੇ ਹਨ। ਪ੍ਰਬੰਧਕਾਂ ਨੂੰ ਨੁਮਾਇਸ਼ 'ਚ ਭਾਗ ਲੈਣ ਵਾਲੀਆਂ ਫਰਮਾਂ ਨੂੰ ਵਿਕਰੀ ਦੁਕਾਨਾਂ ਨਹੀਂ ਬਣਨ ਦੇਣਾ ਚਾਹੀਦਾ, ਸਗੋਂ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਮੁਹੱਈਆ ਕਰਨ ਦਾ ਸਾਧਨ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਸਾਨ ਮੇਲਿਆਂ ਨੂੰ ਪ੍ਰਭਾਵਸ਼ਾਲੀ ਬਣਾ ਕੇ ਕਿਸਾਨਾਂ ਤੱਕ ਨਵਾਂ ਖੇਤੀ ਗਿਆਨ ਅਤੇ ਵਿਗਿਆਨ ਪਹੁੰਚਾਉਣ ਲਈ ਲੋੜੀਂਦੇ ਸੁਧਾਰ ਲਿਆਉਣ ਦੀ ਲੋੜ ਹੈ। ਹੁਣ ਜਦੋਂ ਖੇਤੀ ਪ੍ਰਸਾਰ ਸੇਵਾ 'ਚ ਕੁਝ ਢਿੱਲ ਆ ਗਈ ਹੈ, ਇਨ੍ਹਾਂ ਕਿਸਾਨ ਮੇਲਿਆਂ ਰਾਹੀਂ ਕਿਸਾਨਾਂ ਦਾ ਗਿਆਨ ਵਧਾਉਣ ਲਈ ਵੱਧ ਤੋਂ ਵੱਧ ਉਪਰਾਲਾ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਕਿਸਾਨ ਮੇਲਿਆਂ ਰਾਹੀਂ ਕਿਸਾਨਾਂ ਲਈ ਲਾਹੇਵੰਦ ਸਕੀਮਾਂ ਤੇ ਸਹੀ ਮਾਅਨਿਆਂ 'ਚ ਕਿਸਾਨਾਂ ਦੇ ਕੰਮ ਆਉਣ ਵਾਲੀਆਂ ਮਸ਼ੀਨਾਂ ਉਨ੍ਹਾਂ ਤੱਕ ਪਹੁੰਚਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਨ੍ਹਾਂ ਕਿਸਾਨ ਮੇਲਿਆਂ ਨੂੰ ਰਾਜਨੀਤੀ ਤੇ ਵਪਾਰ ਦਾ ਕੇਂਦਰ ਨਹੀਂ ਬਣਨ ਦੇਣਾ ਚਾਹੀਦਾ।

# ਦੁਧਾਰੂ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਓ

ਆਮ ਤੌਰ ਤੇ ਪਸ਼ੂ ਘਰ ਨੂੰ ਰੋਜ਼ਾਨਾ ਸਾਫ ਕਰਨਾ, ਧੋਣਾ ਅਤੇ ਅੰਦਰ ਆਉਣ ਵਾਲੀ ਸੂਰਜ ਦੀ ਰੋਸ਼ਨੀ ਆਦਿ ਢਾਰਿਆਂ ਨੂੰ ਮੱਧਮ ਤੌਰ ਤੇ ਕੀਟਾਣੂੰ-ਮੁਕਤ ਰੱਖਣ ਲਈ ਕਾਫੀ ਹੈ। ਪਰ ਜਦੋਂ ਕੋਈ ਬਿਮਾਰੀ ਫੈਲ ਜਾਂਦੀ ਹੈ ਤਾਂ ਕੀਟਾਣੂੰ ਨਾਸ਼ਕ ਵਰਤਣਾ (ਸਹੀ ਮਾਤਰਾ ਵਿਚ ਜ਼ਰੂਰੀ ਹੁੰਦਾ ਹੈ। ਸਾਰੇ ਫਰਸ਼ਾਂ, 1.5 ਮੀਟਰ ਦੀ ਉਚਾਈ ਤੱਕ ਦੀਵਾਰਾਂ, ਖੁਰਲੀਆਂ ਦੇ ਅੰਦਰ ਹਿੱਸੇ, ਪਾਣੀ ਦੀਆਂ ਖੁਰਲੀਆਂ ਅਤੇ ਜਾਨਵਰਾਂ ਦੇ ਸੰਪਰਕ ਵਿਚ ਆਉਣ ਵਾਲੀਆਂ ਹੋਰ ਫਿਟਿੰਗਾਂ ਅਤੇ ਉਪਕਰਨਾਂ ਨੂੰ ਰੋਗਾਣੂੰ ਮੁਕਤ ਕੀਤਾ ਜਾਣਾ ਚਾਹੀਦਾ ਹੈ।

ਜਾਨਵਰਾਂ ਦੇ ਢਾਰਿਆਂ ਨੂੰ ਕੀਟਾਣੂੰ-ਰਹਿਤ ਕਰਨ ਦਾ ਪਹਿਲਾ ਕਦਮ ਸਾਰੀ ਗੰਦਗੀ ਨੂੰ ਹਟਾਉਣਾ ਹੈ, ਕਿਉਂਕਿ ਜੈਵਿਕ ਪਦਾਰਥਾਂ ਦੀ ਮੌਜੂਦਗੀ ਵਿਚ ਕੀਟਾਣੂੰ ਨਾਸ਼ਕ ਦੀ ਸ਼ਕਤੀ ਬਹੁਤ ਘੱਟ ਜਾਂਦੀ ਹੈ। ਪਾਣੀ ਦੀਆਂ ਖੁਰਲੀਆਂ ਦੇ ਅੰਦਰਲੇ ਹਿੱਸੇ ਨੂੰ ਸਫੈਦ ਕੀਤਾ ਜਾਣਾ ਚਾਹੀਦਾ ਹੈ। (ਇਹ ਪੰਦਰਵਾੜੇ ਤੇ ਅੰਤਰਾਲਾਂ 'ਤੇ ਵੀ ਨਿਯਮਤ ਤੌਰ 'ਤੇ ਕੀਤਾ ਜਾ ਸਕਦਾ ਹੈ)।

ਛੂਤ ਦੀਆਂ ਬਿਮਾਰੀਆਂ ਨਾਲ ਮਰਨ ਵਾਲੇ ਜਾਨਵਰਾਂ ਦੀਆਂ ਲਾਸ਼ਾਂ ਦਾ ਸਹੀ ਨਿਪਟਾਰਾ ਕਰੋ ਤਾਂ ਜੋ ਦੂਜੇ ਜਾਨਵਰਾਂ ਅਤੇ ਮਨੁੱਖਾਂ ਵਿਚ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਛੂਤ ਦੀ ਬਿਮਾਰੀ ਨਾਲ ਮਰੇ ਜਾਨਵਰ ਨੂੰ ਸ਼ੈੱਡਾਂ ਵਿਚ ਜ਼ਿਆਦਾ ਦੇਰ ਨਹੀਂ ਰਹਿਣ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਕੱਟਣ ਵਾਲੇ ਕੀੜੇ, ਚੂਹੇ ਆਦਿ ਇਸ ਤੱਕ ਪਹੁੰਚ ਸਕਦੇ ਹਨ। ਸਾਰੀਆਂ ਲਾਸ਼ਾਂ ਨੂੰ ਜਾਂ ਤਾਂ ਦੱਬ ਕੇ ਜਾਂ ਸਾੜ ਕੇ ਸਹੀ ਢੰਗ ਨਾਲ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।

ਕਈ ਵਾਰੀ ਇਕ ਜਾਨਵਰ ਇਕ ਬਿਮਾਰੀ ਤੋਂ ਠੀਕ ਹੋ ਜਾਂਦਾ ਹੈ, ਚੰਗੀ ਸਿਹਤ ਵਿਚ ਲੱਗਣ ਦੇ ਬਾਵਜੂਦ ਰੋਗ ਦੇ ਕਾਰਕ ਜੀਵ ਇਸਦੇ ਟਿਸ਼ੂਆਂ ਵਿਚ ਰਹਿ ਜਾਂਦੇ ਹਨ। ਅਜਿਹੇ ਕੀਟਾਣੂੰ ਲਿਜਾਣ ਵਾਲੇ ਜਾਨਵਰਾਂ ਨੂੰ 'ਵਾਹਕ' (ਕੈਰੀਅਰ) ਕਿਹਾ ਜਾਂਦਾ ਹੈ। ਕੈਰੀਅਰ ਜਾਨਵਰ ਸੰਵੇਦਨਸ਼ੀਲ ਜਾਨਵਰਾਂ ਲਈ ਇੱਕ ਸੰਭਾਵੀ ਖਤਰਾ ਬਣ ਜਾਂਦਾ ਹੈ। ਆਮ ਬਿਮਾਰੀਆਂ ਜਿਨ੍ਹਾਂ ਦੇ ਵਾਹਕ ਖੇਤਾਂ ਦੇ ਜਾਨਵਰਾਂ ਵਿੱਚ ਦੇਖੇ ਗਏ ਹਨ ਉਹ ਹਨ ਟੀ ਬੀ, ਲੈਪਟੋਸਪਾਇਰੋਸਿਸ ਅਤੇ ਬਰੂਸੈਲੋਸਿਸ। ਝੁੰਡ ਵਿਚ ਬਿਮਾਰੀਆਂ ਦੇ ਕੈਰੀਅਰ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ ਤਾਂ ਜੋ ਝੁੰਡ ਬਿਮਾਰੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਸਕੇ। ਇਸ ਵਾਸਤੇ ਕੁਝ ਡਾਇਗਨੌਸਟਿਕ ਸਕ੍ਰੀਨਿੰਗ ਟੈਸਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਆਮ ਤੌਰ 'ਤੇ ਵਰਤੇ ਜਾਣ ਵਾਲੇ ਸਕ੍ਰੀਨਿੰਗ ਟੈਸਟ ਹਨ ਟਿਊਬਰਕਿਊਲਿਨ ਟੈਸਟ, ਜੌਨਿਨ ਟੈਸਟ, ਐਗਲੂਟੀਨੇਸ਼ਨ ਟੈਸਟ ਅਤੇ ਸਬ-ਕਲੀਨਿਕਲ ਮਾਸਟਾਈਟਸ ਦਾ ਪਤਾ ਲਗਾਉਣ ਲਈ ਟੈਸਟ। ਇਹ ਟੈਸਟ ਸਮੇਂ-ਸਮੇਂ 'ਤੇ ਝੁੰਡ ਦੇ ਸਾਰੇ ਜਾਨਵਰਾਂ 'ਤੇ ਕਰਵਾਏ ਜਾਣੇ ਚਾਹੀਦੇ ਹਨ।

**ਮਧੂ ਸ਼ੈਲੀ, ਡਾਇਰੈਕਟੋਰੇਟ ਪਸਾਰ ਸਿੱਖਿਆ,**
**ਮੋਬਾਇਲ : 9643442427**



# ਕਿਸਾਨਾਂ ਵੱਲੋਂ ਕਿਉਂ ਮੂੰਹ ਫੇਰ ਰਹੀ ਹੈ ਸਰਕਾਰ?

**ਸਾਡੀ ਸਰਕਾਰ ਹਰ ਸਾਲ ਵਿਦੇਸ਼ਾਂ ਤੋਂ ਦੋ ਲੱਖ ਕਰੋੜ ਦੇ ਖਾਣ ਵਾਲੇ ਤੇਲ ਅਤੇ ਇਕ ਲੱਖ ਕਰੋੜ ਦੀਆਂ ਦਾਲਾਂ ਮੰਗਵਾਉਂਦੀ ਹੈ । ਜੇ ਇਨ੍ਹਾਂ ਪੈਸਿਆਂ ਨਾਲ ਆਪਣੇ ਕਿਸਾਨਾਂ ਤੋਂ ਦਾਲਾਂ ਅਤੇ ਤੇਲ ਬੀਜ ਖਰੀਦੇ ਤਾਂ ਅਸੀਂ ਇਕ ਸਾਲ ਵਿਚ ਹੀ ਇਨ੍ਹਾਂ ਦੀ ਪੈਦਾਵਾਰ ਨਾਲ ਆਤਮ ਨਿਰਭਰ ਹੋ ਜਾਵਾਂਗੇ । ਪਰ ਸਰਕਾਰ ਵਿਚਾਰੀ ਕੀ ਕਰੇ । ਉਸ ਦਾ ਮਾਲਕ ਅਡਾਨੀ ਹੀ ਤਾਂ ਇਸ ਧੰਦੇ ਵਿਚੋਂ ਕਮਾਈ ਕਰ ਰਿਹਾ ਹੈ । ਵਿਦੇਸ਼ਾਂ ਵਿਚੋ ਪਾਮੋਲੀਨ ਮੰਗਵਾ ਕੇ ਦੇਸ਼ ਦੇ ਲੋਕਾਂ ਨੂੰ ਖੁਆ ਰਿਹਾ ਹੈ । ਇੰਜ ਅਡਾਨੀ ਤੇਲ ਬੀਜਾਂ ਅਤੇ ਦਾਲਾਂ ਦੀ ਖਰੀਦ ਵਿਚ ਰਾਹ ਦਾ ਰੋੜਾ ਹੈ । ਸਾਡਾ ਦੇਸ਼ ਅੱਜ ਵੀ ਭੁੱਖਮਰੀ ਵਜੋਂ ਦੁਨੀਆਂ ਦੇ ਸਭ ਤੋਂ ਹੇਠਲੇ ਪੱਧਰ ਉੱਤੇ ਹੈ । ਦੇਸ਼ ਦੇ 81 ਕਰੋੜ ਲੋਕ ਸਰਕਾਰੀ ਆਟਾ ਦਾਲ ਉੱਤੇ ਨਿਰਭਰ ਹਨ । ਪਰ ਸਰਕਾਰ ਅੰਨ ਖਰੀਦਣ ਲਈ ਪੈਸੇ ਦਾ ਢੰਡੋਰਾ ਪਿੱਟ ਰਹੀ ਹੈ ।**



ਬਲਬੀਰ ਸਿੰਘ ਰਾਜੇਵਾਲ
ਮੋਬਾਈਲ 98142-28005

ਭਾਰਤ ਵਿੱਚ ਅੰਨ ਸੰਕਟ ਸੀ । ਉਸ ਨੂੰ ਦੂਰ ਕਰਨ ਲਈ ਕੇਂਦਰ ਦੀ ਸਰਕਾਰ ਨੇ ਹਰੇ ਇਨਕਲਾਬ ਦਾ ਮੁੱਢ ਬੰਨ੍ਹਿਆ । ਉਦੋਂ ਹੀ 1965 ਵਿਚ ਖੇਤੀ ਜਿਣਸਾਂ ਦੇ ਭਾਅ ਮਿੱਥਣ ਲਈ ਖੇਤੀ ਕੀਮਤ ਕਮਿਸ਼ਨ ਬਣਾਇਆ ਗਿਆ । ਉਸ ਤੋਂ ਬਾਅਦ 1985 ਵਿਚ ਇਸ ਕਮਿਸ਼ਨ ਦਾ ਨਾਂਅ ਬਦਲ ਕੇ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਕਰ ਦਿੱਤਾ ਗਿਆ । ਇਸ ਕਮਿਸ਼ਨ ਦਾ ਚੇਅਰਮੈਨ, ਇਕ ਮੈਂਬਰ ਸਕੱਤਰ, ਇਕ ਸਰਕਾਰੀ ਮੈਂਬਰ ਅਤੇ ਦੋ ਮੈਂਬਰ ਕਿਸਾਨਾਂ ਦੇ ਨੁਮਾਇੰਦਿਆਂ ਵਜੋਂ ਲਏ ਜਾਂਦੇ ਹਨ । ਇਹ ਕਮਿਸ਼ਨ 25 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤਹਿ ਕਰਦਾ ਹੈ । ਇਹ ਕਮਿਸ਼ਨ ਕੇਵਲ ਖਰਚਿਆਂ ਦਾ ਲੇਖਾ ਕਰਕੇ ਉਸ ਦੀ ਸਰਕਾਰ ਨੂੰ ਸਿਫਾਰਿਸ਼ ਹੀ ਕਰਦਾ ਹੈ ਅਤੇ ਆਖਰੀ ਫੈਸਲਾ ਕੇਂਦਰੀ ਕੈਬਨਿਟ ਦੀ ਆਰਥਿਕ ਮਾਮਲਿਆਂ ਦੀ ਕਮੇਟੀ ਹੀ ਕਰਦੀ ਹੈ ।

ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਦਾ ਅਧਿਕਾਰ ਖੇਤਰ ਹੀ ਕਿਸਾਨ ਵਿਰੋਧੀ ਹੈ, ਜਿਸ ਦੇ ਹੁੰਦਿਆਂ ਸ਼ਰਤਾਂ ਲਾ ਲਾ ਕੇ ਇਸ ਕਮਿਸ਼ਨ ਦੇ ਹੱਥ ਬੰਨ੍ਹੇ ਹੋਏ ਹਨ ਅਤੇ ਉਸ ਤੋਂ ਕਦੀ ਵੀ ਕਿਸਾਨਾਂ ਲਈ ਭਾਅ ਮਿਥਣ ਸਮੇਂ ਇਨਸਾਫ ਦੀ ਆਸ ਨਹੀਂ ਰੱਖੀ ਜਾ ਸਕਦੀ । ਕਮਿਸ਼ਨ ਦੇ ਅਧਿਕਾਰ ਖੇਤਰ ਅਨੁਸਾਰ ਉਸ ਨੇ ਖਿਆਲ ਰੱਖਣਾ ਹੁੰਦਾ ਹੈ ਕਿ ਜਿਸ ਉਤਪਾਦਨ ਦੀ ਕੀਮਤ ਉਹ ਸਿਫਾਰਸ਼ ਕਰ ਰਿਹਾ ਹੈ, ਉਸ ਨਾਲ ਮਹਿੰਗਾਈ ਨਹੀਂ ਵਧਣੀ ਚਾਹੀਦੀ । ਅਸਲੀਅਤ ਇਹ ਹੈ ਕਿ ਮਹਿੰਗਾਈ ਵਧਣ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ, ਜਿਵੇਂ ਕਿ ਡੀਜ਼ਲ, ਪੈਟਰੋਲ, ਰਸੋਈ ਗੈਸ ਦੇ ਰੇਟ ਸਰਕਾਰ ਵਧਾ ਦਿੰਦੀ ਹੈ ਤਾਂ ਮਹਿੰਗਾਈ ਹੋ ਜਾਂਦੀ ਹੈ । ਜੇ ਸਰਕਾਰ ਉੱਤੇ ਆਪਣੇ ਕਰਮਚਾਰੀਆਂ ਦੀ ਤਨਖਾਹ ਵਧਾਉਣ ਲਈ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਵੱਡਾ ਆਰਥਿਕ ਬੋਝ ਪੈ ਜਾਵੇ ਤਾਂ ਮਹਿੰਗਾਈ ਵਧ ਜਾਂਦੀ ਹੈ । ਇਸ ਵਿਚ ਕਿਸਾਨ ਦਾ ਕੋਈ ਦੋਸ਼ ਨਹੀਂ । ਪਰ ਕਮਿਸ਼ਨ ਇਸ ਦੀ ਸਜ਼ਾ ਘੱਟ ਭਾਅ ਮਿੱਥਣ ਦੀ ਸਿਫਾਰਸ਼ ਕਰਕੇ ਕਿਸਾਨਾਂ ਨੂੰ ਦਿੰਦਾ ਹੈ । ਕਮਿਸ਼ਨ ਨੇ ਮਾਰਕੀਟ ਵਿਚ ਆਮ ਕੀਮਤਾਂ ਦੇ ਰੁਝਾਨ, ਮੰਗ ਅਤੇ ਸਪਲਾਈ, ਦੁਨੀਆਂ ਦੀ ਮੰਡੀ ਵਿਚ ਕੀਮਤਾਂ ਦੀ ਸਥਿਤੀ ਦੇ ਨਾਲ ਨਾਲ ਇਹ ਵੀ ਖਿਆਲ ਰੱਖਣਾ ਹੁੰਦਾ ਹੈ ਕਿ ਉਸ ਦੀ ਸਿਫਾਰਸ਼ ਕੀਤੀ ਕੀਮਤੀ ਦਾ ਸਨਅਤ ਉੱਤੇ ਸਰਕਾਰ ਦੀ ਦਰਾਮਦ ਤੇ ਬਰਾਮਦ ਉੱਤੇ ਮਾੜਾ ਪ੍ਰਭਾਵ ਨਾ ਪਵੇ । ਅਸਲ ਵਿਚ ਇਨ੍ਹਾਂ ਸਾਰੇ ਮਸਲਿਆਂ ਨੂੰ ਕੰਟਰੋਲ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ । ਪਰ ਇਨ੍ਹਾਂ ਦੀ ਆੜ ਵਿਚ ਜਿਣਸਾਂ ਦੇ ਭਾਅ ਘੱਟ ਮਿੱਥ ਕੇ ਕਿਸਾਨਾਂ ਨੂੰ ਸਜ਼ਾ ਦਿੱਤੀ ਜਾਂਦੀ ਹੈ । ਅਜਿਹੀਆਂ ਕਈ ਮੱਦਾਂ ਹਨ ਜੋ ਕਮਿਸ਼ਨ ਦੇ ਹੱਥਾਂ ਦੀਆਂ ਬੇੜੀਆਂ ਦਾ ਕੰਮ ਕਰਦੀਆਂ ਹਨ ਅਤੇ ਕਮਿਸ਼ਨ ਅਜਿਹੀ ਸਥਿਤੀ ਵਿਚ ਕਦੀ ਵੀ ਕਿਸਾਨਾਂ ਨਾਲ ਆਰਥਿਕ ਇਨਸਾਫ ਨਹੀਂ ਕਰ ਸਕਦਾ । ਇਸ ਸਾਰੀਆਂ ਸ਼ਰਤਾਂ ਕਮਿਸ਼ਨ ਦੇ ਅਧਿਕਾਰ ਖੇਤਰ ਤੋਂ ਹਟਾ ਕੇ ਹੀ ਕਿਸਾਨਾਂ ਦਾ ਭਲਾ ਹੋ ਸਕਦਾ ਹੈ ।

ਇਹੋ ਕਾਰਨ ਹੈ ਕਿ 1984 ਵਿਚ ਪੰਜਾਬ ਦੇ ਗਵਰਨਰ ਦੇ ਰਾਜ ਭਵਨ ਦੇ ਘਿਰਾਓ ਤੋਂ ਬਾਅਦ ਸਰਕਾਰ ਵਲੋਂ ਬਣਾਈ ਸ. ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਬਣੀ ਜੌਹਲ ਕਮੇਟੀ ਨੇ 1986 ਵਿਚ ਸਰਕਾਰ ਨੂੰ ਦਿੱਤੀ ਆਪਣੀ ਰਿਪੋਰਟ ਵਿਚ ਲਿਖਿਆ ਕਿ 'ਦਸ ਸਾਲਾਂ ਤੋਂ ਵੱਧ ਦਾ ਸਮਾਂ ਹੋ ਗਿਆ, ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦੇ ਘੱਟ ਭਾਅ ਮਿਥਕੇ ਉਨ੍ਹਾਂ ਦੀ ਆਰਥਿਕਤਾ ਨੂੰ ਨਿਚੋੜਦੀ ਆਈ ਹੈ ।' ਇੱਥੇ ਹੀ ਬੱਸ ਨਹੀਂ, ਅਸੀਂ ਸ. ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਕਾਲ ਸਮੇਂ ਪੰਜਾਬ ਦੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੀ ਕੀਮਤ ਵਿਚ ਵਾਧਾ, ਘਾਟਾ ਘੋਖਣ ਲਈ ਡਾ. ਰਣਜੀਤ ਸਿੰਘ ਘੁੰਮਣ ਦੀ ਅਗਵਾਈ ਵਿਚ ਅਰਥਸ਼ਾਸਤਰੀਆਂ ਦੀ ਇਕ ਕਮੇਟੀ ਬਣਵਾਈ, ਜਿਸ ਵਿਚ ਖੇਤੀਬਾੜੀ ਯੂਨੀਵਰਸਿਟੀ ਤੋਂ ਡਾ. ਪੀ. ਐਸ. ਰੰਗੀ ਅਤੇ ਅਤੇ ਡਾ. ਐੱਨ. ਐੱਸ ਸਿੱਧੂ ਵੀ ਮੈਂਬਰ ਲਏ ਗਏ । ਲੇਖਾ ਜੋਖਾ ਕਰਕੇ ਇਸ ਕਮੇਟੀ ਨੇ ਸਤੰਬਰ 2009 ਵਿਚ ਸਰਕਾਰ ਨੂੰ ਸੌਂਪੀ ਆਪਣੀ ਰਿਪੋਰਟ ਵਿਚ ਲਿਖਿਆ ਕਿ ਸਾਲ 1968-69 ਤੋਂ 2007-08 ਤੱਕ ਭਾਰਤ ਸਰਕਾਰ ਨੇ ਕੇਵਲ ਪੰਜਾਬ ਦੇ ਕਿਸਾਨਾਂ ਦਾ ਕਣਕ ਅਤੇ ਝੋਨੇ ਦਾ ਘੱਟ ਭਾਅ ਮਿੱਥ ਕੇ ਉਨ੍ਹਾਂ ਨੂੰ ਕਣਕ ਵਿਚ 41411 ਕਰੋੜ ਅਤੇ ਝੋਨੇ ਵਿਚ 20285 ਕਰੋੜ ਅਰਥਾਤ ਕੁੱਲ 61696 ਕਰੋੜ ਦਾ ਰਗੜਾ ਲਾ ਦਿੱਤਾ ਹੈ । ਉਸ ਤੋਂ ਬਾਅਦ 17 ਵਰ੍ਹਿਆਂ ਦਾ ਲੇਖਾ ਕੀਤਾ ਜਾਵੇ ਤਾਂ ਘੱਟ ਘੱਟ 70 ਹਜ਼ਾਰ ਕਰੋੜ ਦਾ ਹੋਰ ਘਾਟਾ ਵੀ ਬਣਦਾ ਹੈ । ਸਪੱਸ਼ਟ ਹੈ ਕਿ ਬਾਕੀ ਫਸਲਾਂ ਛੱਡੋ ਕੇਵਲ ਕਣਕ ਅਤੇ ਝੋਨੇ ਦਾ ਭਾਅ ਘੱਟ ਮਿੱਥ ਕੇ ਕੇਂਦਰ ਸਰਕਾਰ ਨੇ ਜਿਨ੍ਹਾਂ ਕਿਸਾਨਾਂ ਨੂੰ ਲੁੱਟਿਆ ਹੈ, ਉਸ ਨਾਲ ਪੰਜਾਬ ਦੇ ਕਿਸਾਨਾਂ ਦਾ ਸਾਰਾ ਕਰਜ਼ਾ ਮੁੜ ਸਕਦਾ ਹੈ । ਜੇ ਸਾਰੀਆਂ ਫਸਲਾਂ ਦਾ ਲੇਖਾ ਜੋਖਾ ਕੀਤਾ ਜਾਵੇ ਤਾਂ ਸਰਕਾਰ ਵਲੋਂ ਪਾਏ ਘਾਟੇ ਨਾਲ ਕਿਸਾਨਾਂ ਦੀ ਆਰਥਿਕ ਤਸਵੀਰ ਹੀ ਬਦਲ ਸਕਦੀ ਹੈ ।

ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਸ਼ੁਰੂ ਤੋਂ ਅੱਜ ਤੱਕ ਕਿਸਾਨਾਂ ਨੂੰ ਏ2+ ਐਫ. ਐੱਲ. (ਪਰਿਵਾਰ ਦੀ ਲੇਬਰ) ਦੇ ਫਾਰਮੂਲੇ ਅਨੁਸਾਰ ਹੀ ਭਾਅ ਮਿੱਥ ਕੇ ਸਰਕਾਰ ਨੂੰ ਸਿਫਾਰਸ਼ ਕਰਦਾ ਹੈ । ਇਸ ਫਾਰਮੂਲੇ ਅਨੁਸਾਰ ਫਸਲਾਂ ਉੱਤੇ ਬੀਜ, ਖਾਦ, ਕਿਰਾਏ ਦੀ ਮਸ਼ੀਨਰੀ, ਉਸ ਦੀ ਲੇਬਰ, ਜ਼ਮੀਨ ਦਾ ਔਸਤ ਠੇਕਾ, ਸਿੰਚਾਈ ਦਾ ਖਰਚਾ, ਕਿਸਾਨ ਦੇ ਪਰਿਵਾਰ ਦੀ ਲੇਬਰ, ਮਸ਼ੀਨਰੀ ਅਤੇ ਬਿਲਡਿੰਗ ਦੀ ਘਸਾਈ ਹੀ ਗਿਣੀ ਜਾਂਦੀ ਹੈ । ਸਰਕਾਰ ਵਲੋਂ ਭਾਅ ਮਿੱਥੇ ਜਾਣ ਤੋਂ ਬਾਅਦ ਐਫ.ਸੀ.ਆਈ., ਸੂਬੇ ਦੀਆਂ ਏਜੰਸੀਆਂ ਨਾਲ ਮਿਲ ਕੇ ਕਣਕ ਅਤੇਝੋਨੇ ਦੀ ਖਰੀਦ ਕਰਦੀ ਹੈ । ਤੇਲ ਬੀਜਾਂ ਅਤੇ ਦਾਲਾਂ ਦੀ ਖਰੀਦ ਦਾ ਕੰਮ ਨੈਫੇਡ ਤੇ ਸੂਬੇ ਦੇ ਸਹਿਕਾਰੀ ਅਦਾਰੇ ਮਾਰਕਫੈੱਡ ਆਦਿ ਸੂਬੇ ਦੇ ਮੁੱਖ ਮੰਤਰੀ ਦੀ ਮੰਗ ਉੱਤੇ ਕਰਦੇ ਹਨ । ਨਰਮੇ ਦੀ ਖਰੀਦ ਭਾਰਤ ਦੀ ਕਾਟਨ ਕਾਰਪੋਰੇਸ਼ਨ ਨੇ ਕਰਦੀ ਹੁੰਦੀ ਹੈ ।

ਸਰਕਾਰ ਨੇ ਹਾਲਾਂ ਤੱਕ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਸੀ2 + 50 ਫੀਸਦੀ ਦੇ ਫਾਰਮੂਲੇ ਨੂੰ ਲਾਗੂ ਕਰਕੇ ਫਸਲਾਂ ਦੇ ਭਾਅ ਮਿਥਣੇ ਸ਼ੁਰੂ ਨਹੀਂ ਕੀਤੇ । ਇਸ ਫਾਰਮੂਲੇ ਅਨੁਸਾਰ ਏ2 + ਐਫ. ਐਲ. ਐਲ. ਫਾਰਮੂਲੇ ਅਨੁਸਾਰ ਗਿਣੇ ਖਰਚਿਆਂ ਤੋਂ ਇਲਾਵਾ ਕਿਸਾਨ ਦੀ ਠੇਕੇ ਵਾਲੀ ਜ਼ਮੀਨ ਤੋਂ ਇਲਾਵਾ ਕਿਸਾਨ ਦੀ ਆਪਣੀ ਮਾਲਕੀ ਵਾਲੀ ਜ਼ਮੀਨ ਦਾ ਠੇਕਾ ਵੀ ਗਿਣਨ ਦੀ ਸਿਫਾਰਸ਼ ਕੀਤੀ ਗਈ ਹੈ । ਇਸ ਵਿਚ ਸਾਰੇ ਖਰਚਿਆਂ ਦੀ ਔਸਤ ਨਹੀਂ ਅਸਲੀ ਖਰਚੇ ਹਿਸਾਬ ਵਿਚ ਲੈਣ ਦੀ ਸਿਫਾਰਸ਼ ਕੀਤੀ ਗਈ ਹੈ । ਅਸਲੀ ਖਰਚਿਆਂ ਤੋਂ ਬਿਨਾਂ ਕਿਸਾਨ ਦੀ ਆਪਣੀ ਜ਼ਮੀਨ ਦੀ ਅਤੇ ਮਸ਼ੀਨਰੀ ਦੀ ਕੀਮਤ 'ਤੇ ਅਤੇ ਉਸ ਦੀ ਸਾਰੀ ਲਾਗਤ ਉੱਤੇ ਵਿਆਜ ਵੀ ਹਿਸਾਬ ਵਿਚ ਲੈਣ ਦੀ ਸਿਫਾਰਸ਼ ਕੀਤੀ ਗਈ ਹੈ । ਕਮਿਸ਼ਨ ਨੇ ਕਿਹਾ ਹੈ ਕਿ ਕਿਸਾਨ ਦੇ ਸਾਰੇ ਅਸਲੀ ਖਰਚੇ ਗਿਣ ਕੇ ਏ2 ਵਾਂਗ ਔਸਤ ਖਰਚੇ ਨਹੀਂ, ਕਿਸਾਨ ਵਲੋਂ ਖਰਚ ਕੀਤੇ ਸਾਰੇ ਪੈਸਿਆਂ ਅਤੇ ਉਸ ਦੀ ਆਪਣੀ ਜ਼ਮੀਨ ਅਤੇ ਮਸ਼ੀਨਰੀ ਦੀ ਕੀਮਤ ਉੱਤੇ ਵਿਆਜ ਗਿਣ ਕੇ ਕੁੱਲ ਲਾਗਤ ਉੱਤੇ 50% ਮੁਨਾਫਾ ਜੋੜਿਆ ਜਾਵੇ ਤਾਂ ਜੋ ਕਿਸਾਨ ਆਪਣਾ ਅਤੇ



ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਅਤੇ ਗੁਜ਼ਾਰਾ ਕਰ ਸਕੇ । ਕੇਂਦਰ ਸਰਕਾਰ ਇਸਨੂੰ ਲਾਗੂ ਕਰਨ ਲਈ ਤਿਆਰ ਨਹੀਂ, ਜੋ ਕਿਸਾਨਾਂ ਦੀ ਲੰਬੇ ਸਮੇਂ ਤੋਂ ਮੰਗ ਹੈ । ਕਿਸਾਨ ਕੋਈ ਜੱਗੋਂ ਬਾਹਰੀ ਮੰਗ ਨਹੀਂ ਕਰ ਰਹੇ । ਉਹ ਇਨਸਾਫ ਮੰਗਦੇ ਹਨ ਜੋ ਐਮ. ਐਸ. ਪੀ. ਦੀ ਗਰੰਟੀ ਤੋਂ ਬਿਨਾਂ ਸੰਭਵ ਨਹੀਂ ।

ਸਾਡੀ ਸਰਕਾਰ ਹਰ ਸਾਲ ਵਿਦੇਸ਼ਾਂ ਤੋਂ ਦੋ ਲੱਖ ਕਰੋੜ ਦੇ ਖਾਣ ਵਾਲੇ ਤੇਲ ਅਤੇ ਇਕ ਲੱਖ ਕਰੋੜ ਦੀਆਂ ਦਾਲਾਂ ਮੰਗਵਾਉਂਦੀ ਹੈ । ਜੇ ਇਨ੍ਹਾਂ ਪੈਸਿਆਂ ਨਾਲ ਆਪਣੇ ਕਿਸਾਨਾਂ ਤੋਂ ਦਾਲਾਂ ਅਤੇ ਤੇਲ ਬੀਜ ਖਰੀਦੇ ਤਾਂ ਅਸੀਂ ਇਕ ਸਾਲ ਵਿਚ ਹੀ ਇਨ੍ਹਾਂ ਦੀ ਪੈਦਾਵਾਰ ਨਾਲ ਆਤਮ ਨਿਰਭਰ ਹੋ ਜਾਵਾਂਗੇ । ਪਰ ਸਰਕਾਰ ਵਿਚਾਰੀ ਕੀ ਕਰੇ । ਉਸ ਦਾ ਮਾਲਕ ਅਡਾਨੀ ਹੀ ਤਾਂ ਇਸ ਧੰਦੇ ਵਿਚੋਂ ਕਮਾਈ ਕਰ ਰਿਹਾ ਹੈ । ਵਿਦੇਸ਼ਾਂ ਵਿਚੋ ਪਾਮੋਲੀਨ ਮੰਗਵਾ ਕੇ ਦੇਸ਼ ਦੇ ਲੋਕਾਂ ਨੂੰ ਖੁਆ ਰਿਹਾ ਹੈ । ਇੰਜ ਅਡਾਨੀ ਤੇਲ ਬੀਜਾਂ ਅਤੇ ਦਾਲਾਂ ਦੀ ਖਰੀਦ ਵਿਚ ਰਾਹ ਦਾ ਰੋੜਾ ਹੈ । ਸਾਡਾ ਦੇਸ਼ ਅੱਜ ਵੀ ਭੁੱਖਮਰੀ ਵਜੋਂ ਦੁਨੀਆਂ ਦੇ ਸਭ ਤੋਂ ਹੇਠਲੇ ਪੱਧਰ ਉੱਤੇ ਹੈ । ਦੇਸ਼ ਦੇ 81 ਕਰੋੜ ਲੋਕ ਸਰਕਾਰੀ ਆਟਾ ਦਾਲ ਉੱਤੇ ਨਿਰਭਰ ਹਨ । ਪਰ ਸਰਕਾਰ ਅੰਨ ਖਰੀਦਣ ਲਈ ਪੈਸੇ ਦਾ ਢੰਡੋਰਾ ਪਿੱਟ ਰਹੀ ਹੈ ।

ਇਹ ਤੱਥ ਖੁੱਲ੍ਹੀ ਕਿਤਾਬ ਵਾਂਗ ਹੈ ਕਿ ਸਾਡੀ ਸਰਕਾਰ ਹਰ ਸਾਲ ਢਾਈ ਤੋਂ ਤਿੰਨ ਲੱਖ ਕਰੋੜ ਦਾ ਕਾਰਪੋਰੇਟ ਘਰਾਣਿਆਂ ਦਾ ਕਰਜ਼ਾ ਮੁਆਫ ਕਰਦੀ ਹੈ । ਇੰਨੇ ਹੀ ਪੈਸੇ ਦੀਆਂ ਉਨ੍ਹਾਂ ਨੂੰ ਟੈਕਸ ਛੋਟਾਂ ਦਿੱਤੀਆਂ ਜਾਂਦੀਆਂ ਹਨ । ਸਰਕਾਰ ਕਿਸੇ ਦੀ ਹੋਵੇ, ਪਿਛਲੇ 20 ਸਾਲਾਂ ਵਿਚ ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦਾ ਸਾਢੇ 42 ਕਰੋੜ ਦਾ ਕਰਜ਼ਾ ਮੁਆਫ ਕੀਤਾ ਹੈ । ਟੈਕਸਾਂ ਵਿਚ ਭਾਰੀ ਛੋਟ ਵੱਖਰੀ । ਇਨ੍ਹਾਂ ਲੋਕਾਂ ਦੀ ਗਿਣਤੀ ਪੋਟਿਆਂ ਉੱਤੇ ਕੀਤੀਆਂ ਜਾ ਸਕਦੀ ਹੈ । ਸਰਕਾਰ ਕੋਲ 80 ਕਰੋੜ ਕਿਸਾਨਾਂ ਅਤੇ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨ ਲਈ ਪੈਸਾ ਨਹੀਂ । ਸਾਡੇ ਕੋਲ ਪੂਰੀ ਵਿਉਂਤਬੰਦੀ ਹੈ, ਪਰ ਸਰਕਾਰ ਸੁਣਨ ਨੂੰ ਤਿਆਰ ਨਹੀਂ ।

ਦੇਸ਼ ਵਿਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਅਤੇ ਭੁੱਖਮਰੀ ਹੈ । ਭ੍ਰਿਸ਼ਟਾਚਾਰ ਹੈ । ਪਰ ਸਰਕਾਰ ਹੈ ਕਿ ਮੰਦਿਰ, ਮਸਜਿਦ ਦੀ ਰਟ ਵਿਚੋਂ ਬਾਹਰ ਨਿਕਲ ਕੇ ਲੋਕਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ । ਸਾਡੇ ਕੋਲ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਦਾ ਵਿਸ਼ਲੇਸ਼ਣ ਅਤੇ ਭਵਿੱਖ ਦੀ ਵਿਉਂਤਬੰਦੀ ਮੌਜੂਦ ਹੈ । ਵਿਸਥਾਰ ਵਿਚ ਬਾਕੀ ਮੰਗਾਂ ਉੱਤੇ ਵੀ ਲਿਖਾਂਗਾਂ । ਪਰ ਅੱਜ ਅਸੀਂ ਸਰਕਾਰ ਦੀ ਪਾਈ ਫੁੱਟ ਦਾ ਸ਼ਿਕਾਰ ਵਿਚ ਸਰਕਾਰ ਨੇ ਘੇਰਿਆ ਹੈ ਕਿ ਮੂੰਹ ਖੋਲ੍ਹਣਾ ਉੱਚਿਤ ਨਹੀਂ । ਫਿਰ ਵੀ ਕੌਮੀ ਪੱਧਰ ਉੱਤੇ ਲੜਾਈ ਜਾਰੀ ਹੈ । 16 ਫਰਵਰੀ ਦਾ ਸਫਲ ਭਾਰਤ ਬੰਦ ਉਸ ਦੀ ਮਿਸਾਲ ਹੈ । ਲੋਕਾਂ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ । ਇਕੋ ਗੱਲ ਹੈ ਕਿ ਸੰਘਰਸ਼ ਹੀ ਇਕੋ ਇਕ ਰਸਤਾ ਹੈ ਪਰ ਸੰਘਰਸ਼ ਵੀ ਸ਼ਾਂਤਮਈ ਰਹਿਣਾ ਚਾਹੀਦਾ ਹੈ । ਹਿੰਸਕ ਹੋ ਗਏ ਤਾਂ ਹਾਰ ਪੱਲੇ ਪਵੇਗੀ । ਸੰਯੁਕਤ ਕਿਸਾਨ ਮੋਰਚਾ ਹਾਲਾਂ ਵੀ ਪੂਰੀ ਤਰ੍ਹਾਂ ਮਜ਼ਬੂਤ ਹੈ ਅਤੇ ਸੰਘਰਸ਼ ਦੀ ਅਗਵਾਈ ਕਰਨ ਦੇ ਸਮਰੱਥ ਹੈ ।

ਜੇਕਰ ਐੱਮ. ਐੱਸ. ਪੀ. ਸਾਰੀਆਂ ਫਸਲਾਂ 'ਤੇ ਲਾਗੂ ਹੋ ਜਾਂਦੀ ਹੈ ਤਾਂ ਫਸਲਾਂ ਵਿਚ ਬਦਲਾਅ ਆਪਣੇ ਆਪ ਆ ਜਾਵੇਗਾ, ਜਦੋਂ ' ਭਾਅ ਵਾਜਬ ਮਿਲਣ ਲੱਗ ਪਿਆ ਤਾਂ ਤੇਲ ਬੀਜ, ਦਾਲਾਂ, ਸਬਜ਼ੀਆਂ ਅਤੇ ਫਲਾਂ ਹੇਠ ਰਕਬਾ ਵੱਧੇਗਾ। ਸਾਲ 2022-23 ਵਿਚ 1,38,424 ਕਰੋੜ ਦਾ ਖਾਣ ਵਾਲਾ ਤੇਲ ਬਾਹਰੋਂ ਮੰਗਵਾਇਆ ਗਿਆ ਅਤੇ 16600 ਕਰੋੜ ਦੀਆਂ ਦਾਲਾਂ ਮੰਗਵਾਈਆਂ ਗਈਆਂ, ਕੀ ਸਾਡਾ ਦੇਸ਼ ਇਹ ਫਸਲਾਂ ਪੈਦਾ ਕਰਨ ਦੇ ਸਮਰੱਥ ਨਹੀਂ। ਇਸੇ ਤਰ੍ਹਾਂ ਅੱਜ 'ਬਾਇਓਫਿਊਲ' (ਜੈਵਿਕ ਈਂਧਣ) ਦੀ ਗੱਲ ਚੱਲ ਰਹੀ ਹੈ, ਜੇ ਮੱਕੀ ਦਾ ਵਾਜਬ ਭਾਅ ਹੀ ਕਿਸਾਨ ਨੂੰ ਦਿੱਤਾ ਜਾਵੇ ਤਾਂ ਜੋ 'ਕਰੂਡ ਆਇਲ' (ਕੱਚਾ ਤੇਲ) ਬਾਹਰੋਂ ਆਉਂਦਾ ਹੈ, ਉਸ ਦੀ ਘਟਾਈ ਜਾ ਸਕਦੀ ਹੈ, ਜਿਸ ਨਾਲ ਸਾਡੀ ਵਿਦੇਸ਼ੀ ਮੁਦਰਾ ਵੀ ਬਚੇਗੀ ਅਤੇ ਵਪਾਰਕ ਘਾਟਾ ਵੀ ਘਟੇਗਾ ਅਤੇ ਪੰਜਾਬ ਵਰਕੇ ਸੂਬਿਆਂ 'ਚ ਪਾਣੀ ਦੀ ਬੱਚਤ ਹੋਵੇਗੀ ਅਤੇ ਪਰਾਲੀ ਦਾ ਮਸਲਾ ਵੀ ਹੱਲ ਹੋ ਜਾਵੇਗਾ।



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000




# ਦੇਸ਼ ਦੇ ਹਿੱਤ ਵਿੱਚ ਐੱਮ.ਐੱਸ.ਪੀ. ਗਾਰੰਟੀ ਕਾਨੂੰਨ

ਅੱਜ ਤਕਰੀਬਨ ਦੋ ਸਾਲ ਬਾਅਦ ਦੇਸ਼ ਦੇ ਕਿਸਾਨਾਂ ਨੇ ਫਿਰ ਅੰਦੋਲਨ ਦਾ ਬਿਗੁਲ ਵਜਾ ਦਿੱਤਾ ਹੈ। ਪੰਜਾਬ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਵਾਲੇ ਅੰਦੋਲਨ 'ਚ ਵੀ ਮੋਹਰੀ ਸੀ ਅਤੇ ਹੁਣ ਵੀ ਹੈ। ਜਦੋਂ ਖੇਤੀ ਕਾਨੂੰਨ ਰੱਦ ਕੀਤੇ ਸਨ, ਉਸ ਵੇਲੇ ਬਾਕੀ ਦੀਆਂ ਮੰਗਾਂ ਉਦੋਂ ਦੇ ਖੇਤੀਬਾੜੀ ਸਕੱਤਰ ਨੇ ਲਿਖ ਕੇ ਇਕ ਪੱਤਰ ਦਿੱਤਾ ਸੀ ਕਿ ਬਾਕੀ ਦੀਆਂ ਮੰਗਾਂ 'ਤੇ ਕਮੇਟੀ ਬਣਾ ਕੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਮੰਗਾਂ 'ਚ ਇਕ ਮੁੱਖ ਮੰਗ ਸੀ (ਐੱਮ. ਐੱਸ. ਪੀ.) ਦੀ ਕਾਨੂੰਨੀ ਗਾਰੰਟੀ ਦੀ। ਅੱਜ ਦੇ ਇਸ ਲੇਖ 'ਚ ਵਿਚਾਰ ਕਰਾਂਗੇ ਕਿ, ਕੀ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੇਸ਼ ਦੇ ਹਿੱਤ 'ਚ ਹੈ?

ਸਭ ਤੋਂ ਪਹਿਲੀ ਗੱਲ ਜਦੋਂ ਵਾਜਬ ਕੀਮਤ ਸਥਿਰ ਹੋਵੇਗੀ ਤਾਂ ਉਤਪਾਦਨ ਵਧੇਗਾ, ਦੇਸ਼ ਵਿਚ ਹਰੀ ਕ੍ਰਾਂਤੀ ਆਉਣਾ ਅਤੇ ਕਣਕ-ਝੋਨੇ ਦਾ ਉਤਪਾਦਨ ਵਧਣ ਦਾ ਮੁੱਖ ਕਾਰਨ ਸੀ ਕਿਸਾਨ ਦੀ ਫਸਲ ਦਾ ਮਿੱਥੇ ਭਾਅ 'ਤੇ ਵਿਕਣਾ। ਕਿਸਾਨ ਨੂੰ ਪਤਾ ਹੁੰਦਾ ਸੀ ਕਿ ਮੇਰੀ ਫਸਲ ਜੋ ਮੰਡੀ 'ਚ ਜਾਵੇਗੀ, ਉਹ ਵਾਜਬ ਭਾਅ 'ਤੇ ਚੁੱਕੀ ਜਾਵੇਗੀ।

ਐੱਮ. ਐੱਸ. ਪੀ. 'ਤੇ ਦੂਜੀ ਵੱਡੀ ਗੱਲ ਹੈ ਕਿ ਐੱਮ. ਐੱਸ. ਪੀ. ਕਿੰਨੀ ਹੋਵੇ। ਜਿੰਨਾ ਚਿਰ ਦੇਸ਼ 'ਚ ਅੰਨ ਦੀ ਥੁੜ੍ਹ ਰਹੀ ਓਨੀ ਦੇਰ ਕਿਸਾਨ ਨੂੰ ਵਾਜਬ ਭਾਅ ਦਿੱਤਾ ਗਿਆ। ਜਦੋਂ ਦੇਸ਼ 'ਚ ਅਨਾਜ ਦੀ ਪੈਦਾਵਾਰ ਵਧਦੀ ਗਈ ਜਾਂ ਕਹਿ ਲਓ ਲੋਕਾਂ ਦੀ ਪਹੁੰਚ ਤੋਂ ਵੱਧ ਪੈਦਾ ਹੋਣ ਲੱਗ ਪਿਆ ਐੱਮ. ਐੱਸ. ਪੀ. 'ਚ ਵਾਧਾ ਮਹਿੰਗਾਈ ਦਰ ਤੋਂ ਘਟਦਾ ਗਿਆ ਅਤੇ ਕਿਸਾਨ ਦੇ ਖਰਚੇ ਵਧਦੇ ਗਏ ਅਤੇ ਮੁਨਾਫਾ ਘਟਦਾ ਗਿਆ। ਫਿਰ ਕਿਸਾਨਾਂ ਦੇ ਜ਼ੋਰ ਪਾਉਣ 'ਤੇ ਡਾਕਟਰ ਐੱਮ.ਐੱਸ. ਸਵਾਮੀਨਾਥਨ ਕਮਿਸ਼ਨ ਬਣਾਇਆ ਗਿਆ, ਜਿਸ ਨੇ ਸਿਫਾਰਿਸ਼ ਕੀਤੀ ਕਿ ਕਿਸਾਨ ਦੀ ਪੈਦਾਵਾਰ ਦਾ ਮੁੱਲ ਉਸ ਦੀ ਕੁੱਲ ਲਾਗਤ ਉੱਪਰ 50 ਫੀਸਦੀ ਮੁਨਾਫਾ ਜਮ੍ਹਾ ਕਰਕੇ ਨਿਰਧਾਰਤ ਕੀਤਾ ਜਾਵੇ, ਜਿਸ ਨੂੰ ਸਰਕਾਰਾਂ ਨੇ ਪਹਿਲਾਂ ਤਾਂ ਮੁੱਢੋਂ ਨਕਾਰ ਦਿੱਤਾ, ਫਿਰ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਨੂੰ ਅੱਧੇ-ਅਧੂਰੇ ਢੰਗ ਨਾਲ ਲਾਗੂ ਕਰ ਦਿੱਤਾ। ਜਿਸ 'ਤੇ ਕਿਸਾਨਾਂ ਦੀ ਤਸੱਲੀ ਲਈ ਹੋਈ, ਕਿਉਂਕਿ ਜੋ ਸਮਾਨ ਕਿਸਾਨ ਨੇ ਖੇਤੀ ਲਈ, ਘਰ ਦੀਆਂ ਜ਼ਰੂਰਤਾਂ, ਮਜ਼ਦੂਰੀ ਅਤੇ ਬੱਚਿਆਂ ਦੀ ਪੜ੍ਹਾਈ ਲਈ ਖਰੀਦਣਾ ਹੈ, ਉਹ ਸਾਰਾ ਮਹਿੰਗਾਈ ਦਰ ਨਾਲ ਜੁੜਿਆ ਹੋਇਆ ਹੈ, ਜਦਕਿ ਐੱਮ.ਐੱਸ.ਪੀ. ਨੂੰ ਮਹਿੰਗਾਈ ਦਰ ਨਾਲ ਨਹੀਂ ਜੋੜਿਆ ਜਾਂਦਾ।

ਇਸ ਤੋਂ ਅੱਗੇ ਗੱਲ ਆਉਂਦੀ ਹੈ ਐੱਮ. ਐੱਸ. ਪੀ. ਗਾਰੰਟੀ ਨਾਲ ਦੇਸ਼ 'ਤੇ ਆਰਥਿਕ ਬੋਝ ਕਿੰਨਾ ਵਧੇਗਾ। ਕਈ ਬੁੱਧੀਜੀਵੀ ਇਸ ਨੂੰ 10 ਲੱਖ ਕਰੋੜ ਦਾ ਬੋਝ ਗਿਣਦੇ ਹਨ। ਉਹ ਇਸ ਤਰ੍ਹਾਂ ਖਰਚਾ ਬਣਾਉਂਦੇ ਹਨ ਜਿਵੇਂ ਕਿ ਐੱਮ. ਐੱਸ. ਪੀ. ਵਾਲੀ ਕੁੱਲ ਫਸਲ ਤਕਰੀਬਨ 15-16 ਲੱਖ ਕਰੋੜ ਦੀ ਹੁੰਦੀ ਹੈ, ਜਿਸ 'ਚੋਂ ਤੀਜਾ ਹਿੱਸਾ ਕਿਸਾਨ ਘਰੇਲੂ ਖਪਤ (ਆਪਣੇ ਲਈ, ਪਸ਼ੂਆਂ ਲਈ ਅਤੇ ਬੀਜ ਲਈ) ਵਰਤਦੇ ਹਨ। ਦੂਜੇ ਦੋ ਹਿੱਸੇ ਸਰਕਾਰ ਨੂੰ ਖਰੀਦਣੇ ਪੈਣਗੇ, ਜੋ ਗਲਤ ਹੈ ਅਸਲ 'ਚ ਬਾਕੀ ਦੇ ਦੋ ਹਿੱਸਿਆਂ ਨੂੰ ਵੀ ਅੱਗੇ ਵੰਡਿਆ ਜਾਣਾ ਚਾਹੀਦਾ ਹੈ, ਜੋ ਇਸ ਪ੍ਰਕਾਰ ਹੈ। ਇਨ੍ਹਾਂ ਦੋ ਹਿੱਸਿਆਂ 'ਚੋਂ ਇਕ ਹਿੱਸੇ ਵਿਚ ਗੰਨਾ ਵੀ ਆਉਂਦਾ ਹੈ, ਜੋ ਮਿੱਲਾਂ ਖਰੀਦਦੀਆਂ ਹਨ ਅਤੇ ਕੁਝ ਅਨਾਜ ਸਰਕਾਰ ਖਰੀਦਦੀ ਹੈ ਕੇਂਦਰੀ ਭੰਡਾਰ ਵਾਸਤੇ ਜਿਹੜਾ ਤੀਜਾ ਹਿੱਸਾ ਬਚ ਜਾਂਦਾ ਹੈ, ਉਸ 'ਚੋਂ ਵੀ ਤਕਰੀਬਨ 70 ਫੀਸਦੀ ਉੱਪਜ ਐੱਮ. ਐੱਸ. ਪੀ. ਦੇ ਨੇੜੇ-ਤੇੜੇ ਵਿਕ ਜਾਂਦੀ ਹੈ ਅਤੇ ਬਾਕੀ 30 ਫੀਸਦੀ ਕੌਡੀਆਂ ਦੇ ਭਾਅ ਵਿਕਦੀ ਹੈ। ਭਾਵ ਕੁੱਲ ਮਿਲਾ ਕੇ 1 ਲੱਖ 70 ਹਜ਼ਾਰ ਕਰੋੜ ਦੀ ਫਸਲ ਜੇ ਸਰਕਾਰ ਖਰੀਦ ਲਵੇ ਤਾਂ ਐੱਮ. ਐੱਸ. ਪੀ. ਦੀ ਗਾਰੰਟੀ ਦਾ ਘਰ ਪੂਰਾ ਹੋ ਜਾਂਦਾ ਹੈ। ਇਹ ਖਰੀਦੀ ਫਸਲ ਵੀ ਸਰਕਾਰ ਨੇ ਅੱਗੋਂ ਫਿਰ ਵੇਚਣੀ ਹੈ ਤਾਂ ਦੱਸੋ ਘਾਟਾ ਕਿੱਥੇ ਪਿਆ?



ਜੇ ਇਸ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਸਰਕਾਰ ਨੂੰ ਖਰੀਦਣ ਦੀ ਲੋੜ ਹੀ ਨਹੀਂ ਪੈਣੀ, ਕਿਉਂਕਿ ਉਪਜ ਤਾਂ ਮੰਡੀ 'ਚ ਹੁਣ ਵੀ ਸਾਰੀ ਵਿਕਦੀ ਹੈ, ਕੋਈ ਸਮੁੰਦਰ ਵਿਚ ਤਾਂ ਸੁੱਟੀ ਨਹੀਂ ਜਾਂਦੀ। ਕਾਨੂੰਨ ਬਣਾਉਣ ਦਾ ਮਤਲਬ ਤਾਂ ਇਹ ਹੈ ਕਿ ਜੋ ਉਪਜ ਮੰਡੀ ਵਿਚ ਆਵੇ, ਉਹ ਮਿੱਥੇ ਮੁੱਲ 'ਤੇ ਖਰੀਦੀ ਜਾਵੇ, ਉਸ ਤੋਂ ਘੱਟ 'ਤੇ ਨਾ ਖਰੀਦੀ ਜਾਵੇ। ਪਰ ਇਹ ਨਾ ਹੋਵੇ ਕੇ ਪਿਆਜ਼ ਦੋ ਰੁਪਏ ਖਰੀਦ ਕੇ ਸਟੋਰ ਵਿਚ ਰੱਖ ਕੇ 50 ਰੁਪਏ ਵਿਚ ਵੇਚਿਆ ਜਾਵੇ। ਮੈਂ ਤਾਂ ਇਹ ਵੀ ਕਹਾਂਗਾ ਕਿ ਇਕੱਲਾ ਐੱਮ. ਐੱਸ. ਪੀ. ਦਾ ਕਾਨੂੰਨ ਹੀ ਨਹੀਂ ਐੱਮ. ਆਰ. ਪੀ. (ਵੱਧ ਤੋਂ ਵੱਧ ਵੇਚ ਮੁੱਲ) ਦਾ ਵੀ ਨਾਲ ਹੀ ਕਾਨੂੰਨ ਬਣੇ, ਇਹ ਦੋਵੇਂ ਕਾਨੂੰਨ ਖਪਤਕਾਰ ਅਤੇ ਛੋਟੇ ਵਪਾਰੀ ਦੇ ਹਿੱਤ ਵਿਚ ਹਨ ਅਤੇ ਇਸ 'ਤੇ ਵੱਧ ਤੋਂ ਵੱਧ 1.5 ਤੋਂ 2 ਲੱਖ ਕਰੋੜ ਦੀ ਲੋੜ ਬਜਟ 'ਚ ਵਿਵਸਥਾ ਕਰਨ ਦੀ ਲੋੜ ਹੈ, ਜਿਸ ਨੂੰ ਰਿਵਾਲਵਿੰਗ ਫੰਡ ਵੀ ਬਣਾਇਆ ਜਾ ਸਕਦਾ ਹੈ।

ਕੁੱਝ ਬੁੱਧੀਜੀਵੀਆਂ ਵਲੋਂ ਲੋਕਾਂ 'ਚ ਇਕ ਹੋਰ ਭਰਮ ਫੈਲਾਇਆ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਬਿਜਲੀ ਮੁਫਤ ਦਿੱਤੀ ਜਾਂਦੀ ਹੈ ਅਤੇ ਖਾਦਾਂ 'ਤੇ ਸਬਸਿਡੀ ਦਿੱਤੀ ਜਾਂਦੀ ਹੈ। ਮੈਂ ਇੱਥੇ ਗੱਲ ਸਾਫ ਕਰਨਾ ਚਾਹੁੰਦਾ ਹਾਂ ਕਿ ਜਦੋਂ ਉਪਜ ਦਾ ਲਾਗਤ ਮੁੱਲ ਕੱਢਿਆ ਜਾਂਦਾ ਹੈ ਤਾਂ ਉਦੋਂ ਬਿਜਲੀ ਦਾ ਖਰਚਾ (ਪਾਣੀ ਦਾ) ਜ਼ੀਰੋ ਗਿਣਿਆ ਜਾਂਦਾ ਹੈ ਅਤੇ ਖਾਦਾਂ ਦੀ ਕੀਮਤ ਵੀ ਅਸਲ (ਸਬਸਿਡੀ ਕੱਢ ਕੇ) ਗਿਣੀ ਜਾਂਦੀ ਹੈ। ਦਰਅਸਲ ਇਹ ਸਬਸਿਡੀ ਖਾਦਾਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਦਿੱਤੀ ਜਾਂਦੀ ਹੈ ਪਰ ਅਹਿਸਾਨ ਕਿਸਾਨ 'ਤੇ ਕੀਤਾ ਜਾਂਦਾ ਹੈ। ਜੇ ਕਿਸਾਨ ਨੂੰ ਉਪਜ ਦਾ ਮੁੱਲ ਸਵਾਮੀਨਾਥਨ ਰਿਪੋਰਟ ਮੁਤਾਬਿਕ (ਕੰਪਰੀਹੈਂਸਿਵ ਲਾਗਤ + 50% ਮੁਨਾਫਾ) ਦਿਓ ਜਾਂ 'ਪ੍ਰਾਈਸ ਇੰਡੈਕਸ' ਨਾਲ ਜੋੜ ਕੇ ਦਿਓ ਤਾਂ ਕਿਸਾਨ ਕਿਸੇ ਚੀਜ਼ 'ਤੇ ਸਬਸਿਡੀ ਨਹੀਂ ਮੰਗੇਗਾ।

**ਫਸਲੀ ਵਿਭਿੰਨਤਾ**: ਜੇਕਰ ਐੱਮ. ਐੱਸ. ਪੀ. ਸਾਰੀਆਂ ਫਸਲਾਂ 'ਤੇ ਲਾਗੂ ਹੋ ਜਾਂਦੀ ਹੈ ਤਾਂ ਫਸਲਾਂ ਵਿਚ ਬਦਲਾਅ ਆਪਣੇ ਆਪ ਆ ਜਾਵੇਗਾ, ਜਦੋਂ ' ਭਾਅ ਵਾਜਬ ਮਿਲਣ ਲੱਗ ਪਿਆ ਤਾਂ ਤੇਲ ਬੀਜ, ਦਾਲਾਂ, ਸਬਜ਼ੀਆਂ ਅਤੇ ਫਲਾਂ ਹੇਠ ਰਕਬਾ ਵੱਧੇਗਾ। ਸਾਲ 2022-23 ਵਿਚ 1,38,424 ਕਰੋੜ ਦਾ ਖਾਣ ਵਾਲਾ ਤੇਲ ਬਾਹਰੋਂ ਮੰਗਵਾਇਆ ਗਿਆ ਅਤੇ 16600 ਕਰੋੜ ਦੀਆਂ ਦਾਲਾਂ ਮੰਗਵਾਈਆਂ ਗਈਆਂ, ਕੀ ਸਾਡਾ ਦੇਸ਼ ਇਹ ਫਸਲਾਂ ਪੈਦਾ ਕਰਨ ਦੇ ਸਮਰੱਥ ਨਹੀਂ। ਇਸੇ ਤਰ੍ਹਾਂ ਅੱਜ 'ਬਾਇਓਫਿਊਲ' (ਜੈਵਿਕ ਈਂਧਣ) ਦੀ ਗੱਲ ਚੱਲ ਰਹੀ ਹੈ, ਜੇ ਮੱਕੀ ਦਾ ਵਾਜਬ ਭਾਅ ਹੀ ਕਿਸਾਨ ਨੂੰ ਦਿੱਤਾ ਜਾਵੇ ਤਾਂ ਜੋ 'ਕਰੂਡ ਆਇਲ' (ਕੱਚਾ ਤੇਲ) ਬਾਹਰੋਂ ਆਉਂਦਾ ਹੈ, ਉਸ ਦੀ ਘਟਾਈ ਜਾ ਸਕਦੀ ਹੈ, ਜਿਸ ਨਾਲ ਸਾਡੀ ਵਿਦੇਸ਼ੀ ਮੁਦਰਾ ਵੀ ਬਚੇਗੀ ਅਤੇ ਵਪਾਰਕ ਘਾਟਾ ਵੀ ਘਟੇਗਾ ਅਤੇ ਪੰਜਾਬ ਵਰਕੇ ਸੂਬਿਆਂ 'ਚ ਪਾਣੀ ਦੀ ਬੱਚਤ ਹੋਵੇਗੀ ਅਤੇ ਪਰਾਲੀ ਦਾ ਮਸਲਾ ਵੀ ਹੱਲ ਹੋ ਜਾਵੇਗਾ।

ਸਬਜ਼ੀਆਂ ਅਤੇ ਫਲ ਦੇਸ਼ ਦੀ ਘੱਟੋ-ਘੱਟ ਤੀਜਾ ਹਿੱਸਾ ਆਬਾਦੀ ਨੂੰ ਨਸੀਬ ਨਹੀਂ ਹੁੰਦੇ ਗਰੀਬ ਬੰਦੇ ਨੂੰ ਲਸਣ ਅਤੇ ਪਿਆਜ਼ ਵੀ ਕਿਤੇ-ਕਿਤੇ ਹੀ ਨਸੀਬ ਹੁੰਦੇ ਹਨ, ਕਿਉਂਕਿ ਸਬਜ਼ੀਆਂ ਦੇ ਭਾਅ 'ਚ ਬਹੁਤ ਹੀ ਜ਼ਿਆਦਾ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ। ਜਦੋਂ ਕਿ ਲਸਣ ਅਤੇ ਪਿਆਜ਼ ਦੋਵਾਂ ਦੀ ਰੋਗ ਨਾਸ਼ਕ ਗੁਣਵੱਤਾ (ਮੈਡੀਸੀਨਲ ਵੈਲਿਊ) ਬਹੁਤ ਜ਼ਿਆਦਾ ਹੈ ਅਤੇ ਇਹ ਇਨਸਾਨ ਦੀ ਕੋਲੈਸਟਰੋਲ, ਬਲੱਡ ਸ਼ੂਗਰ, ਹਾਰਟ ਅਟੈਕ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਬਚਾਅ ਦੀ ਸਮਰੱਥਾ ਵਧਾਉਂਦੇ ਹਨ। ਕਿਸੇ ਵੇਲੇ ਕਿਹਾ ਜਾਂਦਾ ਸੀ ਗੰਢਾਂ ਭੰਨ ਕੇ ਰੋਟੀ ਖਾ ਲਵਾਂਗੇ ਪਰ ਖਪਤਕਾਰ ਨੂੰ ਗੰਢਾ ਕਦੇ ਵੀ 20 ਰੁਪਏ ਕਿਲੋ ਤੋਂ ਘੱਟ ਨਹੀਂ ਮਿਲਦਾ। ਪਰ ਪੈਦਾ ਕਰਨ ਵਾਲੇ ਨੂੰ ਕਦੇ 20 ਰੁਪਏ ਕਿਲੋ ਦੇ ਘੱਟ ਹੀ ਮਿਲੇ ਹਨ। ਇਕ ਇਹ ਵੀ ਭਰਮ ਫੈਲਾਇਆ ਹੋਇਆ ਹੈ ਕਿ ਐੱਮ. ਐੱਸ. ਪੀ. ਦਾ ਫਾਇਦਾ ਛੋਟੇ ਕਿਸਾਨ, ਮਜ਼ਦੂਰ ਅਤੇ ਵਪਾਰੀ ਨੂੰ ਵੀ ਹੋ ਰਿਹਾ। ਜਦੋਂ ਐੱਮ. ਐੱਸ. ਪੀ. ਵਧਦੀ ਹੈ ਤਾਂ ਮਜ਼ਦੂਰੀ ਵੀ ਵਧਦੀ ਹੈ ਤਾਂ ਹੀ ਮਜ਼ਦੂਰ ਵੀ ਕਿਸਾਨ ਦੇ ਬਰਾਬਰ ਅੰਦੋਲਨ 'ਚ ਖੜ੍ਹਾ ਹੈ।

ਖੇਤੀਬਾੜੀ ਖੇਤਰ ਨੂੰ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦਾ ਯੋਗਦਾਨ ਦੇਸ਼ ਦੀ ਜੀ.ਡੀ.ਪੀ. ਵਿਚ (19%)ਅਤੇ ਰੁਜ਼ਗਾਰ ਵਿਚ (50% ਤੋਂ ਵੱਧ) ਅਤੇ ਦਰਾਮਦ ਵਿਚ (5,16,746 ਕਰੋੜ) ਦਾ ਯੋਗਦਾਨ ਪਾਉਂਦੀ ਹੈ। ਅੱਜ ਅਸੀਂ ਬਹੁਤ ਸਾਰੀ ਖੇਤੀ ਉਪਜ ਬਾਹਰਲੇ ਦੇਸ਼ਾਂ ਨੂੰ ਭੇਜ ਰਹੇ ਹਾਂ ਮਿਸਾਲ ਦੇ ਤੌਰ 'ਤੇ ਚੌਲ ਹੀ 40 ਤੋਂ ਵੱਧ ਦੇਸ਼ਾਂ 'ਚ ਜਾਂਦੇ ਹਨ।

ਪਰ ਜੋ ਵਸਤੂਆਂ ਬਰਾਮਦ ਹੋ ਰਹੀਆਂ ਹਨ, ਉਹ ਆਪਣੇ ਦੇਸ਼ ਦੇ ਗਰੀਬ ਲੋਕਾਂ ਨੂੰ ਅੱਧੇ ਭੁੱਖੇ ਰੱਖ ਕੇ ਹੋ ਰਹੀਆਂ ਹਨ। ਅੱਜ ਜੋ ਦੇਸ਼ 'ਚ ਕੁੱਲ ਖੁਰਾਕ ਪੈਦਾ ਹੋ ਰਹੀ ਹੈ ਅਨਾਜ, ਸਬਜ਼ੀਆਂ-ਫਲ, ਦੁੱਧ, ਮੀਟ, ਮੱਛੀ, ਅੰਡੇ ਖਾਣ ਵਾਲੇ ਤੇਲ ਸਮੇਤ ਉਸ ਤੋਂ ਪ੍ਰਤੀ ਜੀਅ ਪ੍ਰਤੀ ਦਿਨ 1840 kcal (ਕੈਲਰੀਜ਼) ਹੀ ਉਪਲੱਬਧ ਹੋ ਸਕਦੀਆਂ ਹਨ, ਜਦਕਿ ਇਕ ਤੰਦਰੁਸਤ ਇਨਸਾਨ ਨੂੰ ਔਸਤ 2250 kcal (ਕੈਲਰੀਜ਼) ਰੋਜ਼ਾਨਾ ਚਾਹੀਦੀਆਂ ਹਨ। ਜੇ ਕਿਸਾਨ ਨੂੰ ਵਾਜਬ ਭਾਅ ਦਿੱਤੇ ਜਾਣ ਤਾਂ ਉਤਪਾਦਨ ਵਧਣ ਨਾਲ ਇਹ ਘਾਟਾ ਪੂਰਿਆ ਜਾ ਸਕਦਾ ਹੈ ਅਤੇ ਵਿਦੇਸ਼ੀ ਮੁਦਰਾ ਦੀ ਕਮਾਈ ਜਾ ਸਕਦੀ ਹੈ।

ਸੋ, ਕੁੱਲ ਮਿਲਾ ਕੇ ਸਰਕਾਰ ਨੂੰ ਮੁੱਠੀ ਭਰ ਪੂੰਜੀਪਤੀਆਂ ਦਾ ਖਿਆਲ ਛੱਡ ਕੇ ਠਰ੍ਹੰਮੇ ਨਾਲ ਸੋਚਣਾ ਚਾਹੀਦਾ ਹੈ, ਜੋ ਕਿਸਾਨ ਮੰਗਦੇ ਹਨ, ਉਹ ਦੇਸ਼ ਦੇ ਹਿੱਤ ਵਿਚ ਹੈ।



# ਕਿਸਾਨਾਂ ਲਈ ਵਰਦਾਨ ਪਸ਼ੂ ਪਾਲਣ ਮੇਲਾ

**ਇਸ ਵਾਰ ਦਾ ਮੇਲਾ 14-15 ਮਾਰਚ 2024 ਨੂੰ ਕਰਵਾਇਆ ਜਾ ਰਿਹਾ ਹੈ ।**

ਮੇਲੇ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਦੇ ਸਮੇਂ 'ਚ ਗਿਆਨ ਅਤੇ ਵਿਗਿਆਨ ਨੂੰ ਦਰਸਾਉਣ ਵਾਲੇ ਮੇਲੇ ਵੀ ਲਗਾਏ ਜਾਂਦੇ ਹਨ । ਇਸ ਸੰਦਰਭ ਵਿਚ ਗੁਰੂ ਅੰਗਦ ਦੇਵ ਵੇਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਾਲ ਵਿੱਚ ਦੋ ਵਾਰ ਮਾਰਚ ਅਤੇ ਸਤੰਬਰ ਦੇ ਮਹੀਨੇ 'ਪਸ਼ੂ ਪਾਲਣ ਮੇਲਾ' ਯੂਨੀਵਰਸਿਟੀ ਦੇ ਕੈਂਪਸ ਲੁਧਿਆਣਾ ਵਿੱਚ ਲਗਾਇਆ ਜਾਂਦਾ ਹੈ । ਸੰਨ 2006 'ਚ ਸਥਾਪਿਤ ਹੋਈ ਇਹ ਯੂਨੀਵਰਸਿਟੀ ਪਸ਼ੂ ਪਾਲਣ ਕਿੱਤਿਆਂ ਸਬੰਧੀ ਬੜੇ ਸੁਚਾਰੂ ਤਰੀਕੇ ਨਾਲ ਪਸ਼ੂ ਪਾਲਕਾਂ ਨੂੰ ਜਾਗਰੂਕ ਕਰ ਰਹੀ ਹੈ । ਇਹ ਯੂਨੀਵਰਸਿਟੀ ਦੇਸ਼ ਦੀਆਂ ਸਾਰੀਆਂ ਵੈਟਰਨਰੀ ਯੂਨੀਵਰਸਿਟੀਆਂ 'ਚੋਂ ਚੋਟੀ ਦੀਆਂ ਯੂਨੀਵਰਸਿਟੀਆਂ 'ਚ ਸ਼ੁਮਾਰ ਹੁੰਦੀ ਹੈ । ਇਸ ਯੂਨੀਵਰਸਿਟੀ ਵਲੋਂ ਇਹ ਮੇਲਾ 14 ਅਤੇ 15 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ । ਇਸ ਮੇਲੇ ਵਿੱਚ ਇਨ੍ਹਾਂ ਕਿੱਤਿਆਂ ਨਾਲ ਜੁੜੇ ਕਿਸਾਨਾਂ ਦੀ ਹਰ ਜ਼ਰੂਰਤ, ਮੁਸ਼ਕਿਲ ਅਤੇ ਜਗਿਆਸਾ ਦੇ ਹੱਲ ਲਈ ਭਿੰਨ ਭਿੰਨ ਤਕਨੀਕਾਂ ਅਤੇ ਗਿਆਨ ਪ੍ਰਦਰਸ਼ਿਤ ਕੀਤਾ ਜਾਂਦਾ ਹੈ । ਇਸ ਵਾਰ ਦੇ ਮੇਲੇ 'ਚ ਮੱਝਾਂ ਪਾਲਣ, ਮੱਛੀ ਪਾਲਣ, ਸੂਰ ਪਾਲਣ ਅਤੇ ਬੱਕਰੀ ਪਾਲਣ ਦੇ ਖੇਤਰ 'ਚ ਜੇਤੂ ਪ੍ਰਗਤੀਸ਼ੀਲ ਕਿਸਾਨਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਏਗਾ । ਇਨ੍ਹਾਂ ਇਨਾਮਾਂ 'ਚ ਨਕਦੀ ਰਾਸ਼ੀ ਅਤੇ ਸਨਮਾਨ ਪੱਤਰ ਭੇਟ ਕੀਤੇ ਜਾਣਗੇ ।

ਯੂਨੀਵਰਸਿਟੀ ਦੇ ਉੱਤਮ ਪਸ਼ੂ ਜਿਨ੍ਹਾਂ 'ਚ ਮੱਝਾਂ, ਗਾਵਾਂ, ਬੱਕਰੀਆਂ, ਮੁਰਗੀਆਂ, ਬਟੇਰ, ਖਰਗੋਸ਼, ਸੂਰ ਅਤੇ ਮੱਛੀਆਂ ਦੀਆਂ ਵੱਖ ਵੱਖ ਕਿਸਮਾਂ ਮੇਲੇ 'ਚ ਦਾ ਸ਼ਿੰਗਾਰ ਬਣਦੇ ਹਨ । ਪਸ਼ੂਆਂ ਦੇ ਵਧੀਆ ਨਸਲ ਦੇ ਬੱਚੇ ਲੈਣ ਲਈ ਪਸ਼ੂ ਪਾਲਕਾਂ ਨੂੰ ਬਿਹਤਰ ਤਰੀਕਿਆਂ ਅਤੇ ਨਸਲ ਸੁਧਾਰ ਦੀ ਜਾਣਕਾਰੀ ਦਿੱਤੀ ਜਾਂਦੀ ਹੈ । ਪਸ਼ੂਆਂ ਦੇ ਵਧੀਆ ਖੁਰਾਕ ਤਿਆਰ ਕਰਨ ਸੰਬੰਧੀ, ਧਾਤਾਂ ਦਾ ਚੂਰਾ ਅਤੇ ਪਸ਼ੂ ਚਾਰਟ ਬਣਾਉਣ ਲਈ ਪੂਰਨ ਸਮੱਗਰੀ ਬਾਰੇ ਚਾਨਣਾ ਪਾਇਆ ਜਾਂਦਾ ਹੈ । ਚੰਗੇ ਉਤਪਾਦਨ ਲਈ ਜਿਨ੍ਹਾਂ ਖੁਰਾਕੀ ਵਸਤਾਂ ਦਾ ਉਪਯੋਗ ਲਾਹੇਵੰਦ ਹੁੰਦਾ ਹੈ ਉਸ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ । ਇੱਥੇ ਪਸ਼ੂਆਂ ਦੀ ਜਾਂਚ ਕਰਨ ਤੋਂ ਇਲਾਵਾ ਉਨ੍ਹਾਂ ਦੇ ਗੋਹੇ, ਥੁੱਕ, ਖ਼ੂਨ ਅਤੇ ਪਿਸ਼ਾਬ ਦੀ ਜਾਂਚ ਵੀ ਕੀਤੀ ਜਾਂਦੀ ਹੈ । ਇਸ ਜਾਂਚ ਰਾਹੀਂ ਬਿਮਾਰੀ ਦਾ ਪਤਾ ਲੱਗਣ 'ਤੇ ਉਨ੍ਹਾਂ ਨੂੰ ਸਹੀ ਅਤੇ ਸਟੀਕ ਇਲਾਜ ਬਾਰੇ ਮਾਹਿਰ ਡਾਕਟਰ ਆਪ ਦਵਾਈ ਦੱਸਦੇ ਹਨ । ਪਸ਼ੂ ਪਾਲਣ ਸਬੰਧੀ ਗਿਆਨ ਨੂੰ ਵਧਾਉਣ ਵਾਸਤੇ ਯੂਨੀਵਰਸਿਟੀ ਵਲੋਂ ਕਈ ਪ੍ਰਕਾਸ਼ਨਾਵਾਂ ਤਿਆਰ ਕੀਤੀਆਂ ਗਈਆਂ ਹਨ, ਜੋ ਕਿ ਸੌਖੀ ਪੰਜਾਬੀ 'ਚ ਅਤੇ ਘੱਟ ਕੀਮਤ 'ਤੇ ਇੱਥੇ ਉਪਲਬਧ ਹੋਣਗੀਆਂ । ਯੂਨੀਵਰਸਿਟੀ ਵੱਲੋਂ ਛਾਪਿਆ ਜਾਂਦਾ ਮਹੀਨੇਵਾਰ ਰਸਾਲਾ 'ਵਿਗਿਆਨਕ ਪਸ਼ੂ ਪਾਲਣ' ਵੀ ਕਿਸਾਨ ਇੱਥੋਂ ਖਰੀਦ ਸਕਦੇ ਹਨ । ਅਜਿਹਾ ਰਸਾਲਾ ਸਾਲਾਨਾ ਜਾਂ ਜੀਵਨ ਚੰਦੇ 'ਤੇ ਘਰ ਵੀ ਪਹੁੰਚਦਾ ਕੀਤਾ ਜਾਂਦਾ ਹੈ । ਪਸ਼ੂਆਂ ਦੇ ਦੁੱਧ ਅਤੇ ਮੀਟ ਤੋਂ ਨਵੀਆਂ ਵਸਤਾਂ ਤਿਆਰ ਕਰ ਕੇ ਉਨ੍ਹਾਂ ਨੂੰ ਬਾਜ਼ਾਰ ਵਿੱਚ ਵੇਚਣ ਸਬੰਧੀ ਸਿਖਲਾਈ ਦੀ ਨੁਮਾਇਸ਼ ਵੀ ਲਗਾਈ ਜਾਂਦੀ ਹੈ । ਇਹ ਵਸਤਾਂ ਸੁਆਦ ਵੇਖਣ ਅਤੇ ਖਰੀਦਣ ਵਾਸਤੇ ਵੀ ਉਪਲਬਧ ਹੁੰਦੀਆਂ ਹਨ । ਪਸ਼ੂ ਪਾਲਕ, ਪਸ਼ੂ ਪਾਲਣ ਦੇ ਕਿਸੇ ਵੀ ਕਿੱਤੇ ਸਬੰਧੀ ਸਿਖਲਾਈ ਲੈਣ ਲਈ ਮੇਲੇ ਵਿੱਚ ਬਿਨਾਂ ਖਰਚ ਤੋਂ ਆਪਣਾ ਨਾਂ ਵੀ ਦਰਜ ਕਰਵਾ ਸਕਦੇ ਹਨ । ਜੋ ਕਿਸਾਨ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ ਉਨ੍ਹਾਂ ਨੇ ਆਪੋ ਆਪਣੀਆਂ ਜਥੇਬੰਦੀਆਂ ਵੀ ਬਣਾਈਆਂ ਹੋਈਆਂ ਹਨ । ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗ ਜਿਵੇਂ ਡੇਅਰੀ ਵਿਕਾਸ ਵਿਭਾਗ, ਮੱਛੀ ਪਾਲਣ ਵਿਭਾਗ, ਮਿਲਕਫੈੱਡ, ਮਾਰਕਫੈੱਡ ਅਤੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ ਵੀ ਉਚੇਚੇ ਤੌਰ ਤੇ ਇੱਥੇ ਪਹੁੰਚਦੇ ਹਨ ਅਤੇ ਕਿਸਾਨਾਂ ਨੂੰ ਸਰਕਾਰੀ ਸਕੀਮਾਂ ਅਤੇ ਸਬਸਿਡੀਆਂ ਸਬੰਧੀ ਰੌਸ਼ਨੀ ਪਾਉਂਦੇ ਹਨ । ਯੂਨੀਵਰਸਿਟੀ ਦੇ ਮਾਹਿਰਾਂ ਵਲੋਂ ਕਿਸਾਨਾਂ ਦੀਆਂ ਮੁਸ਼ਕਿਲਾਂ ਅਤੇ ਜਗਿਆਸਾਵਾਂ ਸਬੰਧੀ ਸੁਆਲ-ਜੁਆਬ ਸੈਸ਼ਨ ਵੀ ਰੱਖਿਆ ਜਾਂਦਾ ਹੈ । ਜਿਸ ਵਿਚ ਪਸ਼ੂ ਪਾਲਕ ਆਪਣੀ ਕੋਈ ਵੀ ਸਮੱਸਿਆ ਦਾ ਹੱਲ ਪਤਾ ਕਰ ਸਕਦਾ ਹੈ ।

ਪਸ਼ੂ ਪਾਲਣ ਕਿੱਤਿਆਂ 'ਚ ਮਸਨੂਈ ਗਿਆਨ ਦੀ ਉਭਰ ਰਹੀ ਮਹੱਤਤਾ ਬਾਰੇ ਵੀ ਮਾਹਿਰ ਜਾਣਕਾਰੀ ਦੇਣਗੇ । ਇਸ ਖੇਤਰ 'ਚ ਆ ਰਹੇ ਸਮਾਰਟ ਕਾਲਰ, ਪੈਡੋਮੀਟਰ, ਚਿਹਰੇ ਦੀ ਪਛਾਣ ਪ੍ਰਣਾਲੀ, ਪਸ਼ੂ ਦੀ ਚਾਲ ਨਿਰੀਖਣ ਢਾਂਚਾ, ਆਟੋਮੈਟਿਕ ਫੀਡ ਮੈਨੇਜਰ, ਰੋਬੋਟ ਕੈਮਰੇ ਅਤੇ ਹੋਰ ਕਈ ਢੰਗਾਂ, ਤਕਨੀਕਾਂ ਬਾਰੇ ਜਾਣੂ ਕੀਤਾ ਜਾਵੇਗਾ । ਫਾਰਮਾਂ ਦੀ ਜੈਵਿਕ ਸੁਰੱਖਿਆ ਸੰਬੰਧੀ ਅਤੇ ਬਿਮਾਰੀ ਪੈਦਾ ਕਰਨ ਵਾਲੇ ਜੀਵਾਂ ਦੀ ਪਛਾਣ ਅਤੇ ਉਨ੍ਹਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਸੰਬੰਧੀ ਜਾਗਰੂਕਤਾ ਦਿੱਤੀ ਜਾਵੇਗੀ । ਇਸ ਮਕਸਦ ਲਈ ਵਰਤੇ ਜਾਣ ਵਾਲੇ ਢੰਗ ਅਤੇ ਅਭਿਆਸ ਪਸ਼ੂ ਪਾਲਕਾਂ ਨੂੰ ਦੱਸੇ ਜਾਣਗੇ ।

ਪਸ਼ੂ ਪਾਲਕਾਂ ਦੇ ਇਲਾਜ ਅਤੇ ਖੁਰਾਕ ਨਾਲ ਜੁੜੀਆਂ ਕੰਪਨੀਆਂ ਆਪਣੀਆਂ ਦਵਾਈਆਂ ਅਤੇ ਉਤਪਾਦਾਂ ਦੀ ਨੁਮਾਇਸ਼ ਕਰਦੀਆਂ ਹਨ । ਇਨ੍ਹਾਂ ਕੰਪਨੀਆਂ ਦੀ ਨੁਮਾਇਸ਼ ਦੇ ਫੀਡ ਨਿਰਮਾਤਾ, ਪਸ਼ੂ ਪਾਲਣ ਧੰਦਿਆਂ ਦੀ ਮਸ਼ੀਨਰੀ ਬਣਾਉਣ ਵਾਲੇ, ਪਸ਼ੂ ਚਾਰੇ ਦੇ ਬੀਜਾਂ ਵਾਲੇ, ਬੈਂਕ ਅਤੇ ਹੋਰ ਵਿਤੀ ਸੰਸਥਾਵਾਂ ਕਿਸਾਨਾਂ ਵਾਸਤੇ ਲਾਹੇਵੰਦ ਜਾਣਕਾਰੀਆਂ ਦਿੰਦੀਆਂ ਹਨ । ਇਹ ਦਵਾਈਆਂ ਅਤੇ ਉਤਪਾਦ ਇੱਥੇ ਪਸ਼ੂ ਪਾਲਕਾਂ ਨੂੰ ਬਾਜ਼ਾਰ ਤੋਂ ਘੱਟ ਕੀਮਤ 'ਤੇ ਅਤੇ ਇਕੋ ਥਾਂ ਤੋਂ ਪ੍ਰਾਪਤ ਹੋ ਜਾਂਦੇ ਹਨ ।

ਪਸ਼ੂ ਪਾਲਣ ਮੇਲੇ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਹਰ ਉਮਰ ਵਰਗ ਦੇ ਮਰਦਾਂ, ਔਰਤਾਂ, ਅਤੇ ਬੱਚਿਆਂ ਦੀ ਰੁੱਚੀ ਦਾ ਕੁਝ ਨਾ ਕੁਝ ਜ਼ਰੂਰ ਪ੍ਰਦਾਨ ਕਰਦਾ ਹੈ । ਬੱਚਿਆਂ ਲਈ ਜਿੱਥੇ ਇਕ ਖੁੱਲ੍ਹਾ ਖੁਲਾਸਾ ਪੇਂਡੂ ਦਿਖ ਵਾਲਾ ਮਾਹੌਲ ਉਨ੍ਹਾਂ ਨੂੰ ਨਵਾਂ ਸੁਆਦ ਦਿੰਦਾ ਹੈ, ਉੱਥੇ ਸਿਹਤਮੰਦ ਅਤੇ ਸੁੰਦਰ ਜਾਨਵਰ ਵੀ ਉਨ੍ਹਾਂ ਨੂੰ ਆਕਰਸ਼ਿਤ ਕਰਦੇ ਹਨ । ਕਈਂ ਬੱਚਿਆਂ ਦੀ ਪੜ੍ਹਾਈ ਦੇ ਕੋਰਸ ਵਿੱਚ ਖੇਤੀਬਾੜੀ ਅਤੇ ਪਸ਼ੂ ਪਾਲਣ ਵਿਸ਼ਾ ਪੜ੍ਹਾਇਆ ਜਾਂਦਾ ਹੈ, ਉਹ ਇੱਥੋਂ ਕਈਂ ਕਿਸਮ ਦੀ ਜਾਣਕਾਰੀ ਇਕੱਤਰ ਕਰ ਸਕਦੇ ਹਨ । ਘਰੇਲੂ ਸੁਆਣੀਆਂ ਕਈਂ ਤਰ੍ਹਾਂ ਦੇ ਪਕਵਾਨ ਅਤੇ ਪੀਣ ਵਾਲੇ ਪਦਾਰਥ ਬਣਾਉਣ ਦੀਆਂ ਤਕਨੀਕਾਂ ਸਬੰਧੀ ਗਿਆਨ ਹਾਸਲ ਕਰ ਸਕਦੀਆਂ ਹਨ । ਪਸ਼ੂ ਪਾਲਣ ਮੇਲੇ ਦਾ ਮੁੱਖ ਉਦੇਸ਼ ਇਹ ਹੈ ਕਿ ਪਸ਼ੂ ਪਾਲਣ ਕਿੱਤਿਆਂ ਨੂੰ ਵਿਗਿਆਨਕ ਨੁਕਤਿਆਂ ਰਾਹੀਂ ਸੀਮਿਤ ਖਰਚ ਨਾਲ ਅਤੇ ਸੁਚੱਜੇ ਤਰੀਕੇ ਨਾਲ ਕੀਤਾ ਜਾਏ । ਲੋਕਾਂ ਨੂੰ ਨਕਲੀ ਵਸਤਾਂ ਦੇ ਪ੍ਰਯੋਗ ਤੋਂ ਸਾਵਧਾਨ ਕੀਤਾ ਜਾਏ ਅਤੇ ਪਸ਼ੂਆਂ ਅਤੇ ਜਾਨਵਰਾਂ ਨੂੰ ਸੰਤੁਲਿਤ, ਪੌਸ਼ਟਿਕ ਅਤੇ ਸ਼ੁੱਧ ਖੁਰਾਕ ਪ੍ਰਾਪਤ ਹੋਏ ।



**ਡਾ. ਹਰਪ੍ਰੀਤ ਸਿੰਘ ਹੀਰੋ,**
**ਐਸੋਸੀਏਟ ਪ੍ਰੋਫੈਸਰ (ਸੰਚਾਰ), ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ**
ਮੋ. 98159-09003

